


ਸੰਵਾਦ–18 (ਜੁਲਾਈ–ਦਸੰਬਰ 2023) ISSN : 2395-1273 www.sanvad.org

# ਭਾਈ ਵੀਰ ਸਿੰਘ ਦਾ ਕਾਵਿ-ਸ਼ਾਸਤਰ

ਵੀਹਵੀਂ ਸਦੀ ਦੇ ਦੌਰ ਵਿਚ ਭਾਈ ਵੀਰ ਸਿੰਘ ਦੇ ਕਾਵਿ-ਸ਼ਾਸਤਰ ਦਾ 'ਸ਼ਬਦ' ਕੇਂਦਰਿਤ ਮੁਹਾਵਰਾ ਪਾਰਦਰਸ਼ੀ ਦਾਰਸ਼ਨਿਕ ਅਨੁਭਵ ਹੈ।ਅਜਿਹਾ ਦਾਰਸ਼ਨਿਕ ਕਾਵਿ-ਸ਼ਾਸਤਰੀ ਮੁਹਾਵਰਾ ਗਿਆਨ ਸ਼ਾਸਤਰੀ ਸਿਰਜਣਾਤਮਕ ਅਨੁਭਵ ਹੈ। ਜਿਸ ਵਿਚ ਗਿਆਨ ਅਤੇ ਸੁਹਜ ਦੇ ਪੈਟਰਨ ਪਰਾਭੌਤਿਕ ਵਰਤਾਰਿਆਂ, ਵਸਤੂਗਤ ਯਥਾਰਥਾਂ, ਮਾਨਵੀ ਹੋਂਦ ਦੀਆਂ ਸੰਰਚਨਾਵਾਂ ਦੇ ਅੰਤਰਗਤ ਗਤੀਸ਼ੀਲ ਰਹਿੰਦੇ ਹਨ। ਇਸ ਸਿਰਜਨਾਤਮਕ ਅਨੁਭਵ ਵਿਚ ਤਰਕ, ਨਿਆਂ, ਸਿਰਜਨਾਤਮਕ ਵਿਰੋਧਾਭਾਸ, ਚਿੰਤਨਮਈ ਵਿਸ਼ਲੇਸ਼ਣ, ਸਮਾਜਕ ਯਥਾਰਥ, ਨੈਤਿਕਤਾ, ਆਰਥਿਕ, ਮਨੋਵਿਗਿਆਨਿਕ, ਇਤਿਹਾਸਕ, ਰਾਜਨੀਤਕ, ਪ੍ਰਾਕਿਰਤਕ ਮਾਪਦੰਡ ਅਤੇ ਮਾਨਵੀ ਵਿਹਾਰ ਦੀਆਂ ਅਨੁਭਵੀ ਲੜੀਆਂ ਬਣਾਉਂਦੇ ਹਨ।ਡਾ.ਹਰਬੰਸ ਸਿੰਘ ਅਨੁਸਾਰ ਇਹ ਅਨੁਭਵੀ ਲੜੀਆਂ ਸਮੁੱਚੀ ਚਿੰਤਨਸ਼ੀਲਤਾ, ਸਿਰਜਨਾਤਮਕ ਸੰਸਾਰ, ਸਭਿਆਚਾਰ ਅਤੇ ਸੰਸਕ੍ਰਿਤੀ ਦੀਆਂ ਵਰਜਨਾਵਾਂ, ਬੌਧਿਕ ਅਨੁਪਾਤਾਂ ਅਤੇ ਆਕਾਰਾਂ ਦੇ ਵਿਭਿੰਨ ਮੰਡਲਾਂ, ਮਨੋਵਿਗਿਆਨਕ ਅਚੇਤ ਅਤੇ ਸੁਚੇਤ ਵਿਹਾਰ ਦੀਆਂ ਪ੍ਰਕ੍ਰਿਆਵਾਂ, ਜੀਵਨ ਦੀ ਵਿਹਾਰਕ ਗਤੀਸ਼ੀਲਤਾ, ਬ੍ਰਹਿਮੰਡ ਅਤੇ ਧਰਤੀ ਦੇ ਬਿੰਦੂ ਤੋਂ ਲੈ ਕੇ ਵਿਰਾਟ ਤੱਕ ਦੇ ਅਨੁਭਵੀ ਵਰਤਾਰਿਆਂ, ਦੇਹੀ ਸੁਹਜ ਦੇ ਪਾਸਾਰਾਂ, ਸੰਗੀਤ ਦੇ ਸੂਖ਼ਮ ਅਤੇ ਸਥੂਲ ਪ੍ਰਗਟਾਵਿਆਂ ਅਤੇ ਕਲਾ ਦੇ ਰਹੱਸਾਂ ਨੂੰ ਸਿਰਜਨਾਤਮਕ ਪ੍ਰਗਟਾਵਾ ਦਿੰਦੇ ਹਨ।[1] ਅਜਿਹੇ ਦਾਰਸ਼ਨਿਕ ਮੁਹਾਵਰੇ ਦੀ ਪ੍ਰਕ੍ਰਿਤੀ ਅੰਦਰ ਗਿਆਨਮਈ ਪ੍ਰਬੰਧ, ਅਨੁਭਵੀ ਦਿਸ਼ਾਵਾਂ ਤੇ ਸੁਹਜਮਈ ਪੈਟਰਨ ਆਪਣੇ ਸੰਤੁਲਿਤ ਪਰਿਪੇਖ ਦੀ ਤਲਾਸ਼ ਕਰਦੇ ਹਨ। ਇਸ ਅਨੰਤਤਾ ਦੀ ਤਲਾਸ਼ ਵਿਚ ਇਹ ਕਾਵਿ-ਸ਼ਾਸਤਰੀ ਮੁਹਾਵਰਾ ਮਿਥ, ਤੰਤਰ, ਪਾਰਦਰਸ਼ੀ ਵਿਵੇਕ, ਕਾਨੂੰਨ, ਯੋਗ, ਭਗਤੀ, ਸ਼ੂਨਯ, ਦੇ ਪਾਸਾਰਾਂ ਰਾਹੀਂ ਸ਼ਬਦ ਦੇ ਬ੍ਰਹਿਮੰਡੀ ਸਰੂਪ ਦੇ ਵਿਗਾਸਮਈ ਅਨੁਭਵ ਰਾਹੀਂ ਸੰਤੁਲਨ ਬਣਾ ਸਕਦਾ ਹੈ।ਇਸ ਖੋਜ-ਪੱਤਰ ਰਾਹੀਂ ਉਪਰੋਕਤ ਪਰਿਪੇਖ ਦੀ ਤਲਾਸ਼ ਭਾਈ ਵੀਰ ਸਿੰਘ ਦੇ ਕਾਵਿ-ਸ਼ਾਸਤਰ ਵਿਚੋਂ ਕੀਤੀ ਜਾਵੇਗੀ।



**ਡਾ. ਅਮਰਜੀਤ ਸਿੰਘ**
ਅਸਿਸਟੈਂਟ ਪ੍ਰੋਫ਼ੈਸਰ
ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ
ਯੂਨੀਵਰਸਿਟੀ
ਪਟਿਆਲਾ
90419-81346
pbstudies.singh
@gmail.com

ਵੀਹਵੀਂ ਸਦੀ ਵਿਚ ਭਾਈ ਵੀਰ ਸਿੰਘ ਰਾਹੀਂ ਸਿਰਜਤ ਕਾਵਿ-ਸ਼ਾਸਤਰ ਬਸਤੀਵਾਦੀ ਨਿਯਮਾਂ ਦੇ ਆਧਾਰ-ਸ੍ਰੋਤਾਂ ਨੂੰ ਗ੍ਰਹਿਣ ਕਰਦਾ ਹੈ। ਵੀਹਵੀਂ ਸਦੀ ਦੇ ਪਹਿਲੇ ਪੜਾਅ ਵਿਚ ਸਿੰਘ ਸਭਾ ਆਪਣੇ ਸਿੱਧਾਤਾਂ ਨੂੰ ਬਣਾ ਰਹੀ ਸੀ ਤਾਂ ਉਸ ਸਮੇਂ ਬਸਤੀਵਾਦੀ ਨਿਯਾਮ ਦੇ ਨਿਯਮ ਹੀ ਉਨ੍ਹਾਂ ਦੇ ਸਾਹਮਣੇ ਸਨ। ਉਨ੍ਹਾਂ ਨੇ ਇਨ੍ਹਾਂ ਨਿਯਮਾਂ ਦੇ ਸਿੱਧਾਂਤਕ ਅਧਾਰਾਂ ਨੂੰ ਆਪਣੇ ਸੰਪੂਰਨ ਵਿਹਾਰਕ ਪ੍ਰਬੰਧ ਲਈ ਆਪਣਾ ਲਿਆ ਜਿਸ ਨਾਲ ਮੌਜੂਦਾ ਸਮੇਂ ਵਿਚ ਇਕ ਪਰਿਵਰਤਨ ਅਤੇ ਬਦਲਾਵ ਤਾਂ ਆਇਆ ਪਰ ਲੰਮੇ ਸਮੇਂ ਲਈ ਇਹ ਆਧਾਰ ਕਾਫ਼ੀ ਨੁਕਸਾਨਦਾਇਕ ਸਿੱਧ ਹੋਏ। ਇਨ੍ਹਾਂ ਆਧਾਰਾਂ ਨੇ ਸਿੱਖ ਪੰਥ ਨੂੰ ਦੂਸਰੀਆਂ ਪਰੰਪਰਾਵਾਂ ਤੋਂ ਦੂਰ ਕਰ ਦਿੱਤਾ। ਅੰਸ਼ੂ ਮਲਹੋਤਰਾ ਅਨੁਸਾਰ ਭਾਈ ਵੀਰ ਸਿੰਘ ਇਸ ਸਮੁੱਚੇ ਬਸਤੀਵਾਦੀ ਨਿਯਾਮ ਨੂੰ ਸਮਝਦੇ ਸਨ। ਇਸ ਲਈ ਉਨ੍ਹਾਂ ਨੇ ਆਪਣੇ ਕਾਵਿ-ਸ਼ਾਸਤਰ ਰਾਹੀਂ ਅਜਿਹੇ

ਨਿਯਮ ਪੈਦਾ ਕੀਤੇ ਜਿਸ ਨਾਲ ਭਾਸ਼ਾ, ਸਾਹਿਤ, ਧਰਮ, ਗਿਆਨ, ਸਮਾਜਕ ਵਰਤਾਰੇ, ਇਤਿਹਾਸ ਪੰਜਾਬੀ ਚੇਤਨਾ ਦੇ ਨੇੜੇ ਹੋ ਕੇ ਵਿਆਖਿਆ ਵਿਚ ਆਉਣ ਲੱਗਾ।[2]

ਭਾਈ ਵੀਰ ਸਿੰਘ ਦਾ ਇਸ ਦੌਰ ਅੰਦਰ ਪ੍ਰਵੇਸ਼ ਸਾਹਿਤਕ ਪੱਧਰ ਉੱਪਰ 19ਵੀਂ ਸਦੀ ਦੇ ਆਖਰੀ ਦਹਾਕੇ ਵਿਚ ਹੁੰਦਾ ਹੈ। ਇਸ ਦੌਰ ਅੰਦਰ ਉਹਨਾਂ ਦਾ ਕਾਵਿ-ਸ਼ਾਸਤਰ ਅਸੀਮ ਪਰਤਾਂ ਨੂੰ ਉਜਾਗਰ ਕਰਦਾ ਹੈ। ਬੌਧਿਕ ਦੌਰ ਦੀ ਸਾਹਿਤਕ ਅਨੁਭੂਵੀ ਵਾਲਾ ਇਹ ਦੌਰ ਭਾਈ ਸਾਹਿਬ ਦੇ ਅਧਿਆਤਮਕ ਅਨੁਭਵ ਵਾਲੇ ਰੂਹਾਨੀ ਮੰਡਲਾਂ ਦੇ ਆਤਮ ਰਸ ਰਾਹੀਂ ਸਰਸ਼ਾਰ ਹੁੰਦਾ ਹੈ। ਭਾਈ ਵੀਰ ਸਿੰਘ ਜੀ ਦੇ ਕਾਵਿ-ਸ਼ਾਸਤਰ ਤੇ ਅੱਜ ਤੱਕ ਜਿੰਨੀ ਵੀ ਆਲੋਚਨਾ ਹੋਈ ਹੈ, ਉਸਦਾ ਕੇਂਦਰ ਬਿੰਦੂ ਉਲਾਰੂ ਕਿਸਮ ਦਾ ਦ੍ਰਿਸ਼ਟੀਕੋਣ ਹੀ ਰਿਹਾ ਹੈ। ਉਹਨਾਂ ਦੇ ਸਾਹਿਤ ਦੇ ਸਮੁੱਚੇ ਪਸਾਰਾਂ ਨੂੰ ਸਮਝ ਕੇ ਆਲੋਚਨਾ ਬਹੁਤ ਘੱਟ ਹੁੰਦੀ ਰਹੀ ਹੈ। ਤੇਜਾ ਸਿੰਘ, ਡਾ. ਐਸ.ਐਸ.ਕੋਹਲੀ, ਪ੍ਰੋ. ਨਰੂਲਾ ਆਦਿ ਕੇਵਲ ਵੇਰਵਿਆਂ ਦਾ ਸੰਸਾਰ ਹੀ ਸਿਰਜਦੇ ਨਜ਼ਰੀ ਆਉਂਦੇ ਹਨ। ਡਾ. ਗੋਪਾਲ ਸਿੰਘ, ਗੁਰਬਚਨ ਸਿੰਘ ਤਾਲਿਬ, ਰੋਸ਼ਨ ਲਾਲ ਅਹੂਜਾ ਉਹਨਾਂ ਨੂੰ ਸੰਪਰਦਾਈ ਸਾਹਿਤਕਾਰ ਦੇ ਤੌਰ 'ਤੇ ਸਥਾਪਿਤ ਕਰ ਦਿੰਦੇ ਹਨ। ਪ੍ਰੋ. ਪੂਰਨ ਸਿੰਘ ਤੇ ਬਲਬੀਰ ਸਿੰਘ ਨੇ ਉਹਨਾਂ ਦੇ ਸਾਹਿਤ ਦੀ ਅਧਾਰਸ਼ੀਲਤਾ ਨੂੰ ਪਛਾਨਣ ਦੀ ਕੋਸ਼ਿਸ਼ ਕੀਤੀ ਹੈ। ਸੰਤ ਸਿੰਘ ਸੇਖੋਂ ਆਪਣੇ ਦ੍ਰਿਸ਼ਟੀ ਵਿਧਾਨ ਰਾਹੀਂ ਭਾਈ ਸਾਹਿਬ ਨੂੰ ਸਿੰਘ ਸਭਾ ਦਾ ਸ੍ਰੇਸ਼ਠ ਲੇਖਕ ਮੰਨਦਾ ਹੋਇਆ ਸਾਮਰਾਜੀ ਹਿੱਤਾਂ ਦਾ ਅਨੁਸਾਰੀ ਦਰਸਾਉਂਦਾ ਹੈ। ਸਮੁਚਾ ਦਿੱਲੀ ਸਕੂਲ ਜਿਹਨਾਂ ਵਿਚ ਹਰਭਜਨ ਸਿੰਘ, ਤਰਲੋਕ ਸਿੰਘ ਕੰਵਰ, ਆਤਮਜੀਤ ਸਿੰਘ, ਮਹਿੰਦਰ ਕੌਰ ਗਿੱਲ. ਦਰਸ਼ਨ ਕੌਰ ਗਰੋਵਰ, ਸਤਿੰਦਰ ਸਿੰਘ ਨੂਰ ਅਤੇ ਆਧੁਨਿਕ ਪੰਜਾਬੀ ਆਲੋਚਕ ਦਲੀਪ ਸਿੰਘ ਦੀਪ, ਬਲਜੀਤ ਕੌਰ, ਬ੍ਰਹਮਜਗਦੀਸ਼, ਬਿਕਰਮ ਸਿੰਘ ਘੁੰਮਣ ਆਦਿ ਭਾਈ ਸਾਹਿਬ ਨੂੰ ਆਧੁਨਿਕਤਾ ਤੋਂ ਭਾਂਜਵਾਦੀ ਅਤੇ ਪਰੰਪਰਾ ਦਾ ਹਾਨੀ ਦਰਸਾਉਂਦੇ ਹਨ। ਪਹਿਲਾ ਹੋਈ ਆਲੋਚਨਾ ਤੋਂ ਇਸ ਹੱਥਲੇ ਖੋਜ-ਪੱਤਰ ਦੀ ਵਿਭਿੰਨਤਾ ਭਾਈ ਵੀਰ ਸਿੰਘ ਦੇ ਕਾਵਿ-ਸ਼ਾਸਤਰ ਨੂੰ ਅਨੁਭਵ,ਗਿਆਨ ਤੇ ਬਸਤੀਵਾਦ ਦੌਰ ਤੇ ਦੇ ਸਾਂਝੇ ਸੂਤਰ ਰਾਹੀਂ ਸਮਝਣ ਕਰਕੇ ਹੈ।

ਪੱਛਮੀ ਚਿੰਤਨ ਵਿਚ ਬਸਤੀਵਾਦ ਦੌਰ ਨੂੰ ਇਤਿਹਾਸ ਦੇ ਪ੍ਰਸੰਗ ਵਿਚ ਹੀ ਵਾਚਿਆ ਜਾਂਦਾ ਹੈ। ਬਸਤੀਵਾਦ ਚਿੰਤਨ ਦਾ ਦਾਰਸ਼ਨਿਕ ਅਧਾਰ ਪੱਛਮ ਰਾਹੀਂ ਇਥੋਂ ਦੇ ਸਭਿਆਚਾਰ, ਆਰਥਿਕਤਾ ਤੇ ਸਾਹਿਤ ਉੱਪਰ ਕੇਂਦਰਿਤ ਸੀ। ਇਥੋਂ ਦੀ ਸਮੁਚੀ ਵਿਵਸਥਾ ਨੂੰ ਜਾਨਣ ਹਿੱਤ ਹੀ ਇਸ ਦਾਰਸ਼ਨਿਕ ਚਿੰਤਨ (ਬਸਤੀਵਾਦ) ਨੂੰ ਵਰਤਿਆ ਗਿਆ। ਜਿਸਦੀ ਮਹੱਤਵਪੂਰਣ ਕਾਰਣੀ ਪ੍ਰਭਾਵ ਅੱਜ ਵੀ ਬਸਤੀਵਾਦ ਦਾ ਉਸੇ ਤਰ੍ਹਾਂ ਨਵ-ਬਸਤੀਵਾਦ ਵਿਚ ਲਗਾਤਾਰ ਚੱਲਣਾ ਹੈ।

ਡਾ.ਬਲਵੀਰ ਸਿੰਘ ਅਨੁਸਾਰ ਬਸਤੀਵਾਦ ਦੌਰ ਦੇ ਚਿੰਤਨ ਵਿਚ ਭਾਈ ਵੀਰ ਸਿੰਘ ਨੇ ਅਜਿਹੀ ਸਾਹਿਤਕ ਭਾਸ਼ਾ ਪੈਦਾ ਕੀਤੀ, ਜਿਸ ਸਮੇਂ ਪੰਜਾਬੀ ਨੂੰ ਗਵਾਰਾਂ ਦੀ ਭਾਸ਼ਾ ਮੰਨਿਆ ਜਾਂਦਾ ਸੀ।[3] ਭਾਈ ਸਾਹਿਬ ਨੇ ਉਸ ਸਮੇਂ ਦਾਂਤੇ ਦੇ ਮਹਾਂਕਾਵਿ ਡਿਵਾਇਨ ਕਮੇਡੀ ਤੇ ਸੰਸਕ੍ਰਿਤ ਦੇ ਕਲਾਸੀਕਲ ਨਾਵਲਾਂ ਦਾ ਪ੍ਰਭਾਵ ਕਬੂਲੇ ਬਿਨਾਂ ਹੀ ਪੰਜਾਬੀ ਵਿਚ 'ਰਾਣਾ ਸੂਰਤ ਸਿੰਘ' ਮਹਾਂਕਾਵਿ ਰਚਿਆ। ਭਾਈ ਸਾਹਿਬ ਨੇ ਬਸਤੀਵਾਦ ਦੇ ਸਾਹਮਣੇ ਆਪਣੀ ਪਰਪੱਕ ਭਾਸ਼ਾ ਤੇ ਸ਼ੈਲੀ ਰਾਹੀਂ ਕਵਿਤਾ ਦਾ ਨਵਾਂ ਰਾਹ ਦਿਖਾਇਆ, ਜਿਹੜਾ ਕਿ ਬਾਂਕੇ ਦਿਆਲ ਵਾਂਗੂੰ ਸਿੱਧਾ ਵਿਰੋਧ ਨਹੀਂ ਸੀ ਸਗੋਂ ਆਪਣੇ ਸਭਿਆਚਾਰਕ ਵਿਰਸੇ ਦੀ ਉਚਾਈ ਨੂੰ ਬਸਤੀਵਾਦ ਦੇ ਸਾਹਮਣੇ ਖੜਾ ਕਰਨਾ ਸੀ। ਇਸ ਸਬੰਧੀ ਡਾ. ਬਲਵੀਰ ਸਿੰਘ ਨੇ ਆਪਣੀ ਇਕ ਰਿਪੋਰਟ ਵਿਚ ਕਿਹਾ ਸੀ ਕਿ ਜੇਕਰ ਅੰਗਰੇਜ਼ਾਂ ਨੂੰ ਕਿਸੇ ਤੋਂ ਚਿੰਤਾ ਕਰਨ ਦੀ ਲੋੜ ਹੈ ਤਾਂ ਉਹ ਭਾਈ ਵੀਰ ਸਿੰਘ ਹਨ।

ਬਸਤੀਵਾਦ ਦੌਰ ਵਿਚ ਭਾਈ ਵੀਰ ਸਿੰਘ ਜੀ ਤੋਂ ਪਹਿਲਾਂ ਲਿਖੀ ਕਵਿਤਾ ਤਾਂ ਕੇਵਲ ਵਿਦਰੋਹ ਵਿਚੋਂ ਉਪਜੇ ਰੋਸ ਦੀ ਹੀ ਤਰਜ਼ਮਾਨੀ ਕਰ ਰਹੀ ਹੈ। ਇਥੇ ਭਾਈ ਵੀਰ ਸਿੰਘ ਜੀ ਦੀ ਸੁਚੇਤਤਾ ਤੇ ਇਕਾਗਰਤਾ ਦੂਜੇ ਕਵੀਆਂ ਨਾਲੋਂ ਵਧੇਰੇ ਪ੍ਰਚੰਡ ਸੀ। ਭਾਵੁਕਤਾ ਨੂੰ ਬੌਧਿਕ ਇਕਾਗਰਤਾ ਪ੍ਰਧਾਨ ਕਰਕੇ ਸਿਰਜਣਾਤਮਕ ਕਲਾਕ੍ਰਿਤ ਦੀ ਸਿਰਜਣਾ ਦਾ ਨਿਵੇਕਲਾ ਅਧਾਰ ਭਾਈ ਵੀਰ ਸਿੰਘ ਰਾਹੀਂ ਨਿਸ਼ਚਿਤ ਹੁੰਦਾ ਹੈ। ਭਾਈ ਸਾਹਿਬ ਜੀ ਦੀ ਸੰਬੋਧਨੀ ਜੁਗਤ ਕਾਵਿਕ ਮੰਡਲਾਂ ਰਾਹੀਂ ਰਹੱਸਆਤਮਿਕਤਾ ਤੇ ਅਧਿਆਤਮਿਕਤਾ ਦੇ ਸਫ਼ਰ ਵਿਚ ਰਹਿੰਦੀ ਹੈ। ਇਹ ਸਫ਼ਰ "ਰਾਣਾ ਸੂਰਤ ਸਿੰਘ" ਤੋਂ "ਮੇਰੇ ਸਾਈਆਂ ਜੀਓ" ਤੱਕ ਨਿਰੰਤਰ ਵਿਕਾਸ ਕਰਦਾ ਹੈ।

ਬਸਤੀਵਾਦ ਜਾਂ ਕਿਸੇ ਵੀ 'ਵਾਦ' ਵਿਚ ਸਮੇਂ ਦੇ ਝੁਕਾਅ ਹਰ ਪੱਧਰ ਤੇ ਵਿਹਾਰਕ ਪੱਧਰ ਤੇ ਸਾਹਿਤਕ ਪੱਧਰ ਉੱਪਰ ਰਹਿੰਦੇ ਹਨ ਪਰ ਉਸ ਪ੍ਰਭਾਵ ਦੀ ਚਿਰਜੀਵਤਾ ਜਾਂ ਮੌਲਿਕਤਾ ਨੂੰ ਕਬੂਲਣਾ ਵਿਅਕਤੀਗਤ ਮਾਨਸਿਕਤਾ ਉੱਪਰ ਅਧਾਰਿਤ ਹੁੰਦਾ ਹੈ। ਭਾਈ ਵੀਰ ਸਿੰਘ ਜੀ ਨੇ ਇਸ ਬਸਤੀਵਾਦ ਦੌਰ ਸਮੇਂ ਅਪਣੀ

ਮੌਲਿਕਤਾ ਤੇ ਚਿਰਜੀਵਤਾ ਨੂੰ ਸਾਹਿਤ ਚਿੰਤਨ ਤੇ ਕਵਿਤਾ ਰਾਹੀਂ ਉਜਾਗਰ ਕਰਕੇ ਸਾਹਮਣੇ ਲਿਆਂਦਾ। ਇਸ ਕਾਰਣ ਹੀ ਉਨ੍ਹਾਂ ਦੁਆਰਾ ਰਚਿਆ ਕਾਵਿ-ਸ਼ਾਸਤਰ ਅੱਜ ਵੀ ਉਨਾਂ ਹੀ ਚਿਰਜੀਵੀ ਹੈ ਜਿੰਨਾ ਕਿ ਬਸਤੀਵਾਦ ਦੇ ਦੌਰ ਦੇ ਸਮੇਂ ਸੀ। ਕਾਵਿ-ਸ਼ਾਸਤਰ ਦੇ ਅੰਦਰਲੇ ਧਰਾਤਲਾਂ ਦੀ ਪਛਾਣ ਕਰਕੇ ਉਸਦੀ ਪੇਸ਼ਕਾਰੀ ਕਰਨਾ ਹੀ ਕਾਵਿ-ਸ਼ਾਸਤਰ ਦੀ ਠੀਕ ਪਛਾਣ ਹੈ, ਇਹ ਪਛਾਣ ਚਿੰਨ੍ਹ ਭਾਈ ਵੀਰ ਸਿੰਘ ਦੀ ਅਨੁਭਵੀ ਮੌਲਿਕਤਾ ਵਿਚ ਦੇਖੇ ਜਾ ਸਕਦੇ ਹਨ।

ਭਾਈ ਵੀਰ ਸਿੰਘ ਦਾ ਬਸਤੀਵਾਦੀ ਦੌਰ ਵਿਚ ਵਿਚਾਰਧਾਰਕ ਦ੍ਰਿਸ਼ਟੀ ਤੋਂ ਪਾਰ ਵਿਸਮਾਦੀ ਦ੍ਰਿਸ਼ਟੀ ਚਿਤਰਣਾ ਉਨ੍ਹਾਂ ਦੀ ਕਾਵਿ-ਸ਼ਾਸਤਰੀ ਚਿੰਤਨ ਪ੍ਰਕਿਰਿਆ ਦਾ ਰੂਪ ਹੈ। ਭਾਈ ਵੀਰ ਸਿੰਘ ਉਨ੍ਹਾਂ ਦੈਵੀ ਮੰਡਲਾਂ ਨਾਲ ਸੁਰਤ ਦੀ ਇਕਮਿਕਤਾ ਦਰਸਾਉਂਦੇ ਹਨ ਜਿੱਥੇ ਕਲਪਨਾ ਤੱਥ ਤੇ ਬੁੱਧੀ ਆਪਣੀ ਤਹਿ ਪਸਾਰੀ ਜਲਵੇ ਵਿਚ ਰੂਪਮਾਨ ਹੁੰਦੀਆਂ ਹਨ। ਇਸ ਦੌਰ ਦੇ ਡਰ, ਸਹਿਮਤਾਂ, ਚਿੰਤਾ, ਸਵੈ-ਵਿਰੋਧੀ ਟਕਰਾਅ ਦੇ ਸਰਗਰਮ ਮਾਹੌਲ ਅੰਦਰ ਭਾਰੀ ਵੀਰ ਸਿੰਘ ਨੇ ਪੂਰਣ ਰੂਪ ਵਿਚ ਕਾਵਿਕ ਇਕਸੁਰਤਾ ਤੇ ਸੰਜਮਤਾ ਦਾ ਸਿਰਜਾਣਤਮਕ ਸੰਸਾਰ ਉਜਾਗਰ ਕੀਤਾ ਹੈ ਜਿਸਦਾ ਚਾਨਣ ਸਮੁੱਚੇ ਬਸਤੀਵਾਦ ਦੌਰ ਵਿਚ ਚਾਨਣ ਦਾ ਪ੍ਰਤੀਕ ਬਣਦਾ ਹੈ।

ਬਸਤੀਵਾਦੀ ਦੌਰ ਦੇ ਨਿਯਮ ਹੀਗਲ ਦੇ ਦਾਰਸ਼ਨਿਕ ਸਮੁੱਚ ਦਾ ਹੀ ਪ੍ਰਭਾਵ ਕਬੂਲਦੇ ਸਨ ਜਿਸ ਅੰਦਰ ਕੌਮਾਂ ਦੀ ਇਕਸੁਰਤਾ ਨਹੀਂ ਬਣ ਸਕੀ ਕਿਉਂਕਿ ਹੀਗਲ ਦੀ ਵਰਗ ਵੰਡ ਵਿਚ ਇਹ ਇਕਸੁਰਤਾ ਸ਼ਾਮਲ ਨਹੀਂ। ਭਾਈ ਵੀਰ ਸਿੰਘ ਨੇ ਬਸਤੀਵਾਦੀ ਨਿਯਮਾਂ ਦੇ ਸਾਹਮਣੇ ਪੰਜਾਬੀ ਚੇਤਨਾ ਦੀ ਇਕਸੁਰਤਾ ਨੂੰ ਜਗਾਇਆ ਹੈ ਜਿਸ ਵਿਚ ਪਰੰਪਰਾਗਤ ਮਿੱਥਕ ਸਥਾਪਨਾਵਾਂ ਬਸਤੀਵਾਦੀ ਦੌਰ ਵਿਚ ਆਪਣੀ ਇਕਸੁਰਤਾ ਨੂੰ ਧਾਰਣ ਕਰਦੀਆਂ ਹਨ ਭਾਈ ਸਾਹਿਬ ਦੀ ਚੇਤਨਾ ਦੇ ਸੂਤਰ ਗੁਰਬਾਣੀ, ਕਿੱਸਾ-ਸਾਹਿਤ ਅਤੇ ਗੁਰੂ ਜੀਵਨ ਹੋਣ ਕਰਕੇ ਇਸ ਅੰਦਰ ਸਮੁਚੇ ਟਕਰਾਵਾਂ ਦੀ ਗਿਆਨਮਈ ਇਕਸੁਰਤਾ ਜਾਗਦੀ ਹੈ। ਡਾਕਟਰ ਹਰਭਜਨ ਸਿੰਘ ਅਨੁਸਾਰ ਭਾਈ ਵੀਰ ਸਿੰਘ ਦੇ ਕਾਵਿ-ਸ਼ਾਸਤਰ ਦੀ ਦਿਸ਼ਾ ਇਤਿਹਾਸਕ ਤੱਥਾਂ ਦੇ ਤਣਾਓ ਵਿਚ ਵਿਸ਼ੇਸ਼ ਪ੍ਰਕਾਰ ਦਾ ਸੱਚ ਸਿਰਜਣ ਵੱਲ ਹੈ। ਇਹੋ ਹੀ ਪ੍ਰਮਾਣਕ ਸਨਾਤਨੀ ਸਿਰਜਣ ਵਿਧੀ ਹੈ। ਵੇਦ ਰਚਨਾ ਤੋਂ ਪੁਰਾਣ ਰਚਨਾ ਤੱਕ ਦੇ ਮਹਾਂ-ਕਾਵਿ ਇਸੇ ਹੀ ਵਿਧੀ ਤੋਂ ਪ੍ਰਭਾਵਿਤ ਹਨ। ਉਪਰੋਕਤ ਵਿਚਾਰ ਇਤਿਹਾਸਕ ਪ੍ਰਸੰਗ ਅੰਦਰ ਕਿਸੇ ਵੀ ਵਾਦ ਦੀ ਮੂਲ ਸੁਰ ਪਛਾਨਣ ਦੀ ਕੋਸ਼ਿਸ਼ ਹੀ ਹਨ। ਜਦੋਂ ਵਾਦ ਨੂੰ ਸਿਰਜਣਾਤਮਕ ਚਿੰਤਨ ਵਿਚ ਅੰਤਰੀਵੀਂ ਰਾਹ ਮਿਲਦਾ ਹੈ ਤਾਂ ਉਸਦਾ ਚਿਰ ਸਥਾਈ ਹੋਣਾ ਨਿਸ਼ਚਿਤ ਹੈ।

ਪ੍ਰੋ.ਪੂਰਨ ਸਿੰਘ ਅਨੁਸਾਰ ਭਾਈ ਵੀਰ ਸਿੰਘ ਨੇ ਆਪਣੇ ਕਾਵਿ-ਸ਼ਾਸਤਰ ਰਾਹੀਂ ਬਸਤੀਵਾਦੀ ਦੌਰ ਦੇ ਲਕੀਰੀ ਪਸਾਰਾਂ ਵਾਲੇ ਇਤਿਹਾਸਕ ਨਾਇਕਤਵ ਦੇ ਬਿੰਬ ਨੂੰ ਤੋੜ ਕੇ, ਉਸਦੇ ਸਾਹਮਣੇ ਸਾਖੀ ਅਤੇ ਚਮਤਕਾਰ ਦਾ ਰੂਪ ਪੇਸ਼ ਕੀਤਾ। ਦੂਜਾ, ਭਾਈ ਸਾਹਿਬ ਨੇ ਸੂਫ਼ੀ ਭਾਸ਼ਾ ਨੂੰ ਇਸ ਤੋਂ ਬਾਹਰ ਕੱਢਿਆ ਤੇ ਬ੍ਰਿਜ ਦਾ ਸਤਿਕਾਰ ਕਰਦੇ ਹੋਏ ਆਪਣਾ ਚਿੰਤਨ ਪੇਸ਼ ਕੀਤਾ। ਭਾਈ ਸਾਹਿਬ ਨੂੰ ਸਿੰਘ ਸਭਾ ਲਹਿਰ ਵਿਚ ਲਿਆਉਣਾ ਵੀ ਬਹੁਤਾ ਠੀਕ ਨਹੀਂ ਕਿਉਂਕਿ ਭਾਈ ਸਾਹਿਬ ਤਾਂ ਕੇਵਲ ਸਿੰਘ ਸਭਾ ਲਹਿਰ ਵਿਚ ਲਹਿਰ ਦੀ ਸੇਵਾ ਲਈ ਹੀ ਆਏ ਸਨ। ਉਹਨਾਂ ਦਾ ਸਿੰਘ ਸਭਾ ਤੋਂ ਵੱਖਰਾ ਰੂਪ ਪੇਸ਼ ਕਰਨ ਦੀ ਲੋੜ ਹੈ।[4]

ਭਾਈ ਵੀਰ ਸਿੰਘ ਬਸਤੀਵਾਦੀ ਦੌਰ ਨੂੰ ਆਪਣੀ ਸਿਰਜਨ ਪਰਕਿਰਿਆ ਰਾਹੀਂ ਆਦਰਸ਼ ਦਿੰਦੇ ਹਨ, ਕਿ ਜਦੋਂ ਕੋਈ ਵੀ ਸਾਹਿਤਕ ਚਿੰਤਨ ਨਿਸ਼ਚਿਤ ਪੜ੍ਹਾਵਾਂ ਰਾਹੀਂ ਆਪਣਾ ਸਫ਼ਰ ਤੈਅ ਕਰਦਾ ਹੈ ਤਾਂ ਉਸਦੀ ਸਿਖ਼ਰ ਕਲਾਤਮਕ ਹੋ ਜਾਂਦੀ ਹੈ। ਇਥੇ ਇਹ ਤੱਥ ਮਿਥਿਹਾਸ ਨਾਲ ਵੀ ਜਾ ਜੁੜਦਾ ਹੈ ਕਿ ਮਿਥਿਹਾਸ ਕਾਵਿਕ ਹੁੰਦਾ ਹੈ। ਸ਼ੈਲੀ ਦੇ ਸੰਘਣੇਪਨ ਦੀ ਦਿਸ਼ਾ ਗੀਤ ਦੀ ਧੁਨ ਵਾਂਗ ਹੈ, ਜੋ ਬਸਤੀਵਾਦ ਦੌਰ ਵਿਚ ਭਾਈ ਵੀਰ ਸਿੰਘ ਨੇ ਪੈਦਾ ਕੀਤੀ।

ਬਸਤੀਵਾਦ ਦੀਆਂ ਸੀਮਾਵਾਂ ਪ੍ਰਾਕਿਰਤਵਾਦ ਅਤੇ ਅਧਿਆਤਮਵਾਦ ਦੀਆਂ ਸੀਮਾਵਾਂ ਨਹੀਂ, ਇਸਨੂੰ ਭਾਈ ਸਾਹਿਬ ਨੇ ਆਪਣੇ ਕਾਵਿ-ਸ਼ਾਸਤਰ ਰਾਹੀਂ ਰੂਪਮਾਨ ਕੀਤਾ ਹੈ। ਬਸਤੀਵਾਦ ਦੌਰ ਦੇ ਸੰਖਿਅਤ ਕਾਲ ਦੌਰਾਨ ਭਾਈ ਵੀਰ ਸਿੰਘ ਸਾਹਿਤ ਅਨੇਕਾਂ ਦਿਸ਼ਾਵਾਂ ਅੰਦਰ ਫੈਲਦਾ ਹੈ। ਖ਼ਿਆਲ ਦੀ ਅਲਹਿਦਗੀ ਪ੍ਰਕਿਰਿਆ ਨੂੰ ਕਿਸੇ ਖਾਸ ਨਿਸ਼ਚਿਤ ਘੇਰੇ ਅੰਦਰ ਨਹੀਂ ਤੋਰਦਾ, ਇਸੇ ਲਈ ਬਸਤੀਵਾਦ ਦੌਰ ਦੀ ਬਾਕੀ ਸਿਰਜਣ ਪਰਿਕਿਰਿਆ ਭਾਈ ਵੀਰ ਸਿੰਘ ਜੀ ਦੇ ਅਨੁਭਵੀ ਤੇ ਵਿਦਵਤਾਮਈ ਘੇਰੇ ਅੰਦਰ ਕਿਸੇ ਨਾ ਕਿਸੇ ਰੂਪ ਵਿਚ ਸਮਾ ਜਾਂਦੀ ਹੈ। ਉਹਨਾਂ ਦੀ ਅੰਤਰਦ੍ਰਿਸ਼ਟੀ ਬਸਤੀਵਾਦ ਘੇਰੇ ਅੰਦਰ ਵੀ ਹੈ ਤੇ ਉਸ ਤੋਂ ਪਾਰ ਵੀ ਇਥੇ ਪਹੁੰਚ ਕੇ ਵਾਦ ਆਪਣੀ ਖ਼ੁਰਾਕ ਭਾਈ ਵੀਰ ਸਿੰਘ ਦੇ ਕਾਵਿ-ਸ਼ਾਸਤਰ ਵਿਚੋਂ ਲੈਣਾ ਸ਼ੁਰੂ ਕਰ ਦਿੰਦਾ ਹੈ। ਇਸੇ ਲਈ ਹਰਭਜਨ ਸਿੰਘ ਉਹਨਾਂ ਨੂੰ ਦ੍ਰਿਸ਼ਟੀਵੇਤਾ ਕਹਿੰਦੇ ਹਨ।

ਬਸਤੀਵਾਦ ਦੌਰ ਅੰਦਰ ਭਾਈ ਸਾਹਿਬ ਦੀ ਸਾਹਿਤਕ ਪ੍ਰਤਿਭਾ ਨਰੋਈ ਸਾਹਿਤ ਸਾਧਨਾ ਦੇ ਰੂਪ ਅੰਦਰ ਉਜਾਗਰ ਹੋਈ। ਬਸਤੀਵਾਦ ਨੇ ਸਮੁਚੇ ਧਾਰਮਿਕ, ਰਾਜਸੀ, ਸਮਾਜਕ ਤੇ ਆਰਥਿਕ ਪ੍ਰਬੰਧ ਨੂੰ ਝੰਜੋੜ ਦਿੱਤਾ। ਇਸ ਦੇ ਫਲਸਰੂਪ ਕਾਵਿ-ਸ਼ਾਸਤਰ ਦਾ ਨਵਾਂ ਰੂਪ ਭਾਈ ਸਾਹਿਬ ਰਾਹੀਂ ਸਾਹਮਣੇ ਆਇਆ, ਇਹ ਵਿਰੋਧਆਤਮਕ ਪ੍ਰਤੀਕਰਮ ਨਹੀਂ ਸੀ। ਇਸ ਪ੍ਰਤੀਕਰਮ ਦੀ ਦਿਸ਼ਾ ਉਹਨਾਂ ਦੇ ਸਾਹਿਤ ਸੰਸਾਰ ਅੰਦਰੋਂ ਉਜਾਗਰ ਕੀਤੀ ਜਾ ਸਕਦੀ ਹੈ। ਜਿਸ ਵਿਚ ਸੰਸਕ੍ਰਿਤ, ਬ੍ਰਿਜ ਭਾਸ਼ਾ, ਤੇ ਸੁਹਜ ਦੇ ਮਿਲਵੇ ਪਾਸਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਪਰੰਪਰਾਗਤ ਪਰਿਵਾਰਿਕ ਵਿਦਵਤਾ ਨੂੰ ਭਾਈ ਸਾਹਿਬ ਨੇ ਇਸ ਸਮੇਂ ਦੌਰਾਨ ਬਿਆਨ ਕੀਤਾ। ਭਾਈ ਸਾਹਿਬ ਦੀ ਸਿਰਜਣਾਤਮਕ ਅਤੇ ਸਮੀਖਿਅਕ ਦ੍ਰਿਸ਼ਟੀ ਬਸਤੀਵਾਦ ਦੇ ਨਿਜ਼ਾਮ ਉੱਪਰ ਆਪਣੀ ਰਿਦਮਮਈ ਲੈਅ ਨੂੰ ਫੈਲਾਉਂਦੀ ਹੈ। ਉਹਨਾਂ ਦੀ ਇਸ ਦੌਰ ਨੂੰ ਦੇਣ ਆਪਣੀ ਪਰੰਪਰਾ ਦੀ ਸਰਬਉਚਤਾ ਦਿਖਾਉਣੀ ਤੇ ਪੱਛਮ ਦੀ ਸਿੱਧਾਂਤਕਤਾ ਦੇ ਸਾਹਮਣੇ ਇਕਾਗਰਤਾ ਤੇ ਇਕਸਾਰਤਾ ਦਾ ਦ੍ਰਿਸ਼ਟੀਕੋਣ ਪ੍ਰਧਾਨ ਕਰਨਾਂ ਉਹਨਾਂ ਦੇ ਸਿਰਜਣਾਤਮਿਕ ਅਨੁਭਵ ਦੀ ਹੀ ਪੇਸ਼ਕਾਰੀ ਸੀ।

ਭਾਈ ਵੀਰ ਸਿੰਘ ਨੇ ਵਾਦ ਦੀ ਚੇਤਨਾ ਨੂੰ ਪ੍ਰਚੰਡ ਰੂਪ ਅੰਦਰ ਮੌਲਿਕਤਾ ਰਾਹੀਂ ਸਾਹਿਤ ਅੰਦਰ ਪ੍ਰਸਤੁਤ ਕਰਵਾਇਆ। ਹਰ ਇਕ ਸਾਹਿਤਕ ਵਿਧਾ ਦੀ ਗਿਲਾਫ਼ ਤਿਆਰ ਕਰਕੇ ਭਾਰਤੀ ਪਰੰਪਰਾ, ਦਾਰਸ਼ਨਿਕ ਤੇ ਕਲਾ ਰਾਹੀਂ ਸਫ਼ਰ ਆਰੰਭ ਕੀਤਾ। ਜਿਸ ਕਾਰਣ ਉਹਨਾਂ ਦੀ ਸਿਰਜਾਣਤਮਕ ਪ੍ਰਤਿਭਾ, ਟੀਕਾਕਾਰੀ, ਕੋਸ਼ਕਾਰੀ, ਸੰਪਾਦਨਾ ਅੰਦਰ ਵੀ ਝਲਕਦੀ ਹੈ।

ਭਾਈ ਵੀਰ ਸਿੰਘ ਦਾ ਕਾਵਿ-ਸ਼ਾਸਤਰ ਸਿੱਖ ਦਰਸ਼ਨ ਪਰੰਪਰਾ ਦਾ ਅਨੁਭਵੀ ਅਤੇ ਗਿਆਨਮਈ ਪਾਸਾਰ ਹੈ। ਭਾਈ ਵੀਰ ਸਿੰਘ ਦੇ ਸਮੇ ਸਮੁੱਚਾ ਭਾਰਤ ਵਿਭਿੰਨ ਪ੍ਰਸਥਿਤੀਆਂ ਸਮਾਜਕ, ਦਾਰਸ਼ਨਿਕ ਅਤੇ ਰਾਜਨੀਤਕ ਵਿਚੋ ਗੁਜ਼ਰ ਰਿਹਾ ਸੀ। ਇਹ ਵਿਭਿੰਨ ਸਮਾਜਕ, ਦਾਰਸ਼ਨਿਕ ਅਤੇ ਰਾਜਨੀਤਕ ਪ੍ਰਸਥਿਤੀਆਂ ਬਸਤੀਵਾਦੀ ਨਿਯਾਮ ਪ੍ਰਤੀ ਪ੍ਰਤੀਕਰਮ ਪ੍ਰਗਟ ਕਰ ਰਹੀਆ ਸਨ। ਇਸ ਪ੍ਰਤੀਕਰਮ ਵਿਚ ਇਹਨਾਂ ਲਹਿਰਾਂ ਦਾ ਵਿਵਹਾਰ ਨਿਸ਼ਚਿਤ ਸੰਕਲਪ ਬਣਾਉਦਾ ਹੈ। ਬ੍ਰਹਮੋ ਸਮਾਜ ਅਤੇ ਆਰੀਆ ਸਮਾਜ ਭਾਰਤੀ ਸਨਾਤਨੀ ਰੂਪ ਦੇ ਸਥਾਪਿਤ ਗਿਆਨ ਨੂੰ ਹੀ ਪ੍ਰਸਥਿਤੀਆਂ ਦੇ ਸਮੁਚੇ ਪਰਿਪੇਖ ਰਾਹੀਂ ਪਛਾਣ ਰਹੇ ਸਨ। ਅਹਿਮਦੀਆ ਲਹਿਰ ਪ੍ਰਸਥਿਤੀਆਂ ਦੇ ਸਮੁਚੇ ਤਣਾਅ ਨੂੰ ਸਮਾਜਕ ਹੋਂਦ ਦੇ ਟਕਰਾਅ ਵਿਚ ਦੇਖ ਰਹੀ ਸੀ। ਸਿੰਘ ਸਭਾ ਇਸ ਪਰਿਪੇਖ ਵਿਚ ਵੱਖਰੀ ਪਹਿਚਾਣ ਦੀ ਸਥਾਪਤੀ ਲਈ ਸਮਾਜਕ ਅਤੇ ਸਭਿਆਚਾਰ ਚੇਤਨਾ ਪੈਦਾ ਕਰ ਰਹੀ ਸੀ। ਭਾਈ ਵੀਰ ਸਿੰਘ ਦਾ ਕਾਵਿ-ਸ਼ਾਸਤਰ ਇਸ ਦ੍ਰਿਸ਼ ਅੰਦਰ ਮਾਨਸਿਕ ਖੜੋਤ ਨੂੰ ਅਨੇਕਾਂ ਨਿਵੇਕਲੀਆਂ ਸੰਭਾਵਨਾਵਾਂ ਵਿਚ ਫੈਲਾਉਂਦਾ ਹੈ। ਇਹਨਾਂ ਨਿਵੇਕਲੀਆਂ ਸੰਭਾਵਨਾਵਾਂ ਵਿਚ ਅਧਿਆਤਮਕ ਅਨੁਭਵ, ਸਾਹਿਤਕ ਵਿਧਾਵਾਂ, ਅਨੁਵਾਦ ਅਤੇ ਸੰਪਾਦਨ ਖੇਤਰ ਪਰੰਪਰਾ ਦੀ ਅਨੁਭਵੀ ਉਚਾਈ ਵਿਚ ਜਾਗ੍ਰਿਤ ਹੁੰਦੇ ਹਨ। ਇਸ ਅਨੁਭਵੀ ਉਚਾਈ ਵਿਚ ਭਾਈ ਵੀਰ ਸਿੰਘ ਦਾ ਕਾਵਿ-ਸ਼ਾਸਤਰ ਵਧੇਰੇ ਸਹਿਜ ਅਤੇ ਸੰਕਲਪਿਕ ਹੈ।

ਭਾਈ ਵੀਰ ਸਿੰਘ ਦਾ ਕਾਵਿ-ਸ਼ਾਸਤਰ ਸਿੱਖ ਕਾਵਿ-ਸ਼ਾਸਤਰ ਨੂੰ ਵਿਭਿੰਨ ਸਿਧਾਂਤਕ ਅਤੇ ਵਿਵਹਾਰਕ ਸੰਰਚਨਾਵਾਂ ਪ੍ਰਦਾਨ ਕਰਦਾ ਹੈ। ਇਸ ਕਾਵਿ-ਸ਼ਾਸਤਰ ਦੀਆ ਸੰਰਚਨਾਵਾਂ ਦਾ ਰੂਪ ਸਿੱਖ ਕਾਵਿ ਸ਼ਾਸਤਰ, ਇਤਿਹਾਸਕਾਰੀ, ਸਾਹਿਤ, ਸਮਾਜਕ ਅਤੇ ਨੈਤਿਕ ਪ੍ਰਬੰਧ ਅੰਦਰ ਵਿਚਰਦਾ ਹੈ। ਭਾਈ ਵੀਰ ਸਿੰਘ ਦੀ ਇਹਨਾਂ ਅਨੁਸ਼ਾਸਨਾਂ ਅੰਦਰ ਵਿਚਰਨ ਪ੍ਰਕਿਰਿਆ ਸਿੱਖ ਸੁਰਤਿ ਦੇ ਆਵੇਸ਼ਮਈ ਗਿਆਨ ਅਤੇ ਅਨੁਭਵ ਦਾ ਹਿੱਸਾ ਹਨ।

ਭਾਈ ਵੀਰ ਸਿੰਘ ਦਾ ਕਾਵਿ-ਸ਼ਾਸਤਰ ਇਤਿਹਾਸਕ ਪਰਿਪੇਖ ਅੰਦਰ ਜਿਸ ਗਿਆਨ ਨੂੰ ਪ੍ਰਗਟ ਕਰਦਾ ਹੈ , ਉਸ ਵਿਚ ਸਮਾਜਕ ਅਤੇ ਰਾਜਨੀਤਕ ਆਦਰਸ਼ਕ ਪਰੰਪਰਾ ਦੀ ਸਹਿਜ ਪ੍ਰਕਿਰਿਆ ਅੰਦਰ ਵਿਚਰਦੇ ਹਨ। ਵੀਹਵੀਂ ਸਦੀ ਦਾ ਭਾਰਤੀ ਚਿੰਤਨ ਆਦਰਸ਼ ਪਰੰਪਰਾਮਈ ਆਦਰਸ਼ਾਂ ਨੂੰ ਕੇਂਦਰ ਮੰਨਦਾ ਹੋਇਆ, ਬਸਤੀਵਾਦੀ ਪ੍ਰਵਚਨ ਦੇ ਨਿਵੇਕਲੇ ਵਿਗਿਆਨਕ ਮਾਪਦੰਡਾਂ ਨੂੰ ਸਥਾਪਿਤ ਕਰਨ ਵਲ ਕੇਂਦਰਿਤ ਹੁੰਦਾ ਹੈ। ਇਸ ਪ੍ਰਕਿਰਿਆ ਤਹਿਤ ਕੇਸ਼ਵਚੰਦਰ ਸੇਨ ਨੇ ਸਮੁਚੀਆਂ ਪਰੰਪਰਾਵਾਂ ਦੀ ਸਰਵਉਚਤਾ ਦੀ ਵਿਆਖਿਆ ਦਾ ਆਧਾਰ ਵਿਗਿਆਨਕ ਦ੍ਰਿਸ਼ਟੀਕੋਣ ਤਹਿਤ ਸਵੀਕਾਰ ਕੀਤਾ ਹੈ। ਇਸ ਤੋਂ ਬਾਅਦ ਸੁਆਮੀ ਵਿਵੇਕਾਨੰਦ ਨੇ ਵੀ ਇਸ ਧਾਰਣਾ ਨੂੰ ਪ੍ਰਮੱਖ ਮੰਨਿਆ ਹੈ ਕਿ ਭਾਰਤੀ ਦਾਰਸ਼ਨਿਕ ਖਿਆਲ ਵਿਗਿਆਨਕ ਰੂਪਾਂ ਤਹਿਤ ਹੀ ਅਧਿਐਨ ਕੀਤੇ ਜਾ ਸਕਦੇ ਹਨ। ਬਾਲ ਗੰਗਾਧਰ ਤਿਲਕ ਵੀ ਵਿਗਿਆਨਕ ਰੁਚੀ ਤਹਿਤ ਹੀ ਭਾਰਤੀ ਚਿੰਤਨ ਦੇ ਸੰਕਲਪਾਂ ਦੀ ਵਿਆਖਿਆ ਨੂੰ ਆਧਾਰ ਬਣਾਉਂਦੇ ਹਨ। ਭਾਈ ਵੀਰ ਸਿੰਘ ਦਾ ਸਿੱਖ ਕਾਵਿ-ਸ਼ਾਸਤਰ ਦੈਵੀ

ਸੱਤਾ ਅਤੇ ਇਕਮਿਕ ਇਕਸੁਰਤਾ ਦੇ ਪਲਾਂ ਵਿਚ ਜਾਗਰਿਤ ਹੋਇਆ ਅਧਿਆਤਮਮਈ ਕਾਵਿ-ਸ਼ਾਸਤਰ ਹੈ। ਭਾਈ ਵੀਰ ਸਿੰਘ ਸੁਰਤ ਨੂੰ ਮਨਬੁੱਧੀ ਤੋਂ ਆਜ਼ਾਦ ਕਰਵਾ ਕੇ ਆਤਮਾ ਦੇ ਮੰਡਲ ਵਿਚ ਸਥਿਰ ਕਰ ਲੈਂਦਾ ਹੈ ਅਤੇ ਅਕਲ ਦੇ ਪਰਿਪੇਖ ਤੋਂ ਆਜ਼ਾਦ ਕਰਵਾ ਸ਼ੁੱਧ ਮੰਡਲ ਵਿਚ ਪ੍ਰਵੇਸ਼ ਕਰਾ ਦਿੰਦਾ ਹੈ ਇਸ ਪ੍ਰਵੇਸ਼ ਵਿਚ ਹੀ ਭਾਈ ਵੀਰ ਸਿੰਘ ਦੇ ਸਿੱਖ ਕਾਵਿ-ਸ਼ਾਸਤਰ ਰਾਹੀਂ ਚੇਤਨਾ ਵਿਚ ਜਾਗੀ ਹੋਈ ਸੁਰਤ ਮਨ ਨੂੰ ਲਹਿਰਾਉ ਦੇ ਕੇ ਬੁੱਧੀ ਵਿਚ ਤਰੰਗਤ ਹੋ ਉੱਠਦੀ ਹੈ। ਇਹ ਬੁੱਧੀ ਨੂੰ ਵੀ ਹਲੋਰਾ ਦਿੰਦੀ ਹੋਈ ਹੋਰ ਅਗਾਂਹ ਵੱਧਦੀ ਹੈ ਇਹ ਬੁੱਧੀ ਮੰਡਲ ਦੀ ਹੱਦ ਟੱਪ ਜਾਂਦੀ ਹੈ ਇਸ ਤਰ੍ਹਾਂ ਪੰਜ ਗਿਆਨ ਇੰਦਰੀਆਂ ਦੀ ਅਕਲ ਕੈਦ ਤੋਂ ਛਲਾਂਗ ਮਾਰਦੀ ਹੋਈ, ਸ਼ੁੱਧ ਗਿਆਨ ਨੂੰ ਪ੍ਰਗਟ ਕਰਦੀ ਹੈ। ਸੁਧ ਰਾਹੀਂ ਉਤਪਨ ਗਿਆਨ ਪ੍ਰਕਿਰਿਆ ਵਿਚ ਕਾਲ ਵਸਤੂ ਦੀ ਨਿਰਭਰਤਾ ਨਹੀਂ ਸੁਧ ਅੰਦਰ ਦ੍ਰਿਸ਼ਟੀ ਦਾ ਅਨੁਭਵਮਈ ਪ੍ਰਕਾਸ਼ ਹੈ। ਡਾ. ਸ੍ਰੀ ਬਲਬੀਰ ਸਿੰਘ ਦੀ ਨਿਰੁਕਤ ਸ਼੍ਰੀ ਗ੍ਰੰਥ ਸਾਹਿਬ ਵਿਚ ਦਰਜ ਇਹ ਟਿੱਪਣੀ ਭਾਈ ਵੀਰ ਸਿੰਘ ਦੇ ਸਿੱਖ ਕਾਵਿ-ਸ਼ਾਸਤਰ ਦਾ ਪ੍ਰਮੁੱਖ ਨੁਕਤਾ ਪ੍ਰਸਤੁਤ ਕਰਦੀ ਹੈ ਕਿ ਭਾਈ ਵੀਰ ਸਿੰਘ ਦਾ ਸਿੱਖ ਕਾਵਿ-ਸ਼ਾਸਤਰ ਇਸ ਅਨੁਭਵਮਈ ਸੁਧ ਦਾ ਪ੍ਰਕਾਸ਼ ਤੇ ਸਹਿਜ ਟਿਕਾਉ ਹੈ। ਇਸ ਪ੍ਰਕਾਸ਼ ਅਤੇ ਸਹਿਜ ਟਕਾਓ ਵਿਚ ਸਾਹਿਤ,ਅਨੁਵਾਦ, ਸੰਪਾਦਨ ਅਤੇ ਸੇਵਾ ਸਿੱਖ ਚੇਤਨਾ ਨੂੰ ਗਿਆਨ ਅਤੇ ਅਨੁਭਵ ਦੇ ਸਾਂਝੇ ਆਦਰਸ਼ ਵੱਲ ਤੋਰਦੇ ਹਨ। ਅਨੁਵਾਦ ਅਤੇ ਸੰਪਾਦਨ ਕਾਰਜ ਰਾਹੀਂ ਭਾਈ ਵੀਰ ਸਿੰਘ ਨੇ ਪਹਿਲਾਂ ਪ੍ਰਚਲਿਤ ਅਭਿਆਸ ਪ੍ਰਕਿਰਿਆ ਅਤੇ ਤਕਨੀਕੀ ਖੜੋਤਾਂ ਤੋਂ ਮਨੁੱਖੀ ਮਾਨਸਿਕਤਾ ਨੂੰ ਨੈਤਿਕ ਅਤੇ ਸਦਾਚਾਰਕ ਪੱਖਾਂ ਤੋਂ ਆਜ਼ਾਦ ਕਰਵਾਇਆ ਅਤੇ ਦਿੱਬਤਾ ਦੇ ਹੁਕਮ ਵਿਚ ਚਲ ਰਹੀ ਸਮੁੱਚੀ ਕਾਇਨਾਤ ਵਿਚੋਂ ਸਿਰਜਣਾਤਮਕ ਸਿਰਜਣਾ ਅਤੇ ਗਿਆਨ ਮਈ ਦ੍ਰਿਸ਼ਾਂ ਦਾ ਰਾਹ ਉਜਾਗਰ ਕੀਤਾ। ਭਾਈ ਵੀਰ ਸਿੰਘ ਨੇ ਪਾਰ ਬ੍ਰਹਮ ਪਰਮੇਸ਼ਰ, ਹੁਕਮ ਅਤੇ ਕਾਲ ਦੇ ਤਿੰਨਾਂ ਰੂਪਾਂ ਨੂੰ ਸਿੱਖ ਕਾਵਿ-ਸ਼ਾਸਤਰ ਵਿਚ ਉਜਾਗਰ ਕੀਤਾ ਹੈ। ਭਾਈ ਸਾਹਿਬ ਨੇ ਇਸ ਕਾਰਜ ਵਿਚੋਂ ਪਾਠਆਤਮਕ ਸਮਝ, ਭਾਸ਼ਾ ਦੀਆਂ ਸਮੁੱਚੀਆਂ ਜੁਗਤਾਂ, ਇਤਿਹਾਸ ਦੀ ਕਾਲ ਕ੍ਰਮਤਾ, ਸੰਚਾਰ ਆਧਾਰਿਤ ਵਿਆਖਿਆ ਪ੍ਰਸੰਗ, ਪ੍ਰਮਾਣਿਕ ਨਿਯਮਾਂ ਦੀ ਪਛਾਣ ਪ੍ਰਸਤੁੱਤ ਕੀਤੀ ਹੈ। ਜਿਸ ਅੰਦਰ ਸਾਧਨਾ ਪੱਧਤੀ ਹਰ ਇਕ ਅਨੁਸ਼ਾਸਨ ਦੇ ਨਿਸ਼ਵਿਚਤ ਧਰਾਤਲ ਉੱਪਰ ਨਿਰਧਾਰਿਤ ਹੁੰਦੀ ਹੈ। ਉਨ੍ਹਾਂ ਦੇ ਸੰਪਾਦਨ ਦੀ ਪ੍ਰੇਰਣਾ ਦਾ ਆਧਾਰ ਸਮਾਜਕ, ਰਾਜਨੀਤਕ, ਸਭਿਆਚਾਰਕ ਅਤੇ ਇਤਿਹਾਸਕ ਮਾਪਦੰਡਾਂ ਨੂੰ ਹੀ ਨਹੀਂ ਬਣਾਇਆ ਸਗੋਂ ਆਤਮਕ ਦ੍ਰਿਸ਼ਟੀਕੋਣ ਰਾਹੀਂ ਸਿੱਧਾਂਤਕ ਅਤੇ ਵਿਹਾਰਕ ਨਿਯਮਾਂ ਨੂੰ ਦੈਵੀ ਪ੍ਰੇਰਣਾ ਦਾ ਸਾਥ ਦਿੱਤਾ।

ਭਾਈ ਵੀਰ ਸਿੰਘ ਦਾ ਸਿੱਖ ਕਾਵਿ-ਸ਼ਾਸਤਰ ਇਸ ਅਧਿਆਤਮਕਤਾ ਦੇ ਨਾਲ ਨਾਲ ਉਸ ਸਮੇਂ ਦੀਆਂ ਇਤਿਹਾਸਕ ਲਹਿਰਾਂ ਦੇ ਸਮਵਿਥ ਸੰਵਾਦ ਰਚਾਉਂਦਾ ਹੈ। ਇਸ ਸੰਵਾਦ ਵਿਚ ਸਿੰਘ ਸਭਾ ਲਹਿਰ ਅਹਿਮ ਰੂਪ ਵਿਚ ਸਾਹਮਣੇ ਆਉਂਦੀ ਹੈ। ਸਿੰਘ ਸਭਾ ਲਹਿਰ ਬਸਤੀਵਾਦੀ ਨਿਯਮਾਂ ਦੇ ਸਾਹਮਣੇ ਜਿਹੜਾ ਗਿਆਨ ਦੇ ਰਹੀ ਸੀ ਉਹ ਬਸਤੀਵਾਦੀ ਪਹੁੰਚ ਦੇ ਅਧੀਨ ਹੀ ਸਮਾਜ ਸਭਿਆਚਾਰਕ ਪ੍ਰਸੰਗਾਂ ਵਿਚ ਆਪਣੀ ਵਿਆਖਿਆ ਪ੍ਰਸਤੁਤ ਕਰਦਾ ਹੈ। ਸਿੰਘ ਸਭਾ ਸ਼ੁੱਧ ਗਿਆਨ ਦੀ ਧਾਰਾ ਨਹੀਂ ਸੀ ਕਿ ਜਿਹੜਾ ਕਿ ਆਮ ਤੌਰ 'ਤੇ ਸਿੱਖਾਂ ਵਿਚ ਪ੍ਰਚਲਿਤ ਹੈ। ਇਸ ਲਹਿਰ ਅੰਦਰ ਸਭਿਆਚਾਰਕ ਤੌਰ 'ਤੇ ਸਿੱਖ ਸਮਾਜ ਅੰਦਰਲੀਆਂ ਸਮਸਿਆਵਾਂ ਨੂੰ ਹੱਲ ਕਰਨ ਲਈ ਲਗਾਤਾਰ ਯਤਨ ਸ਼ਾਮਲ ਸਨ। ਬਸਤੀਵਾਦੀ ਪ੍ਰਕਿਰਿਆ ਤਹਿਤ ਵਿਸ਼ਵੀਕਰਨ ਨੂੰ ਸਮੁੱਚੇ ਗਿਆਨ ਦੇ ਸਾਹਮਣੇ ਖੜਾ ਕੀਤਾ ਜਾਂਦਾ ਹੈ। ਇਸ ਦੌਰਾਨ ਆਪਣੇ ਵਿਸ਼ੇਸ਼ ਸਭਿਆਚਾਰੀ ਜੀਵਨ ਮੁੱਲਾਂ, ਰਾਜਨੀਤਕ ਸੰਗਠਨਾਂ, ਗਿਆਨਮਈ ਪਰਿਪੇਖਾਂ ਅਤੇ ਆਰਥਿਕ ਆਧਾਰਾਂ ਨੂੰ ਲਾਗੂ ਕੀਤਾ ਜਾਂਦਾ ਹੈ। ਬਸਤੀਵਾਦੀ ਨਿਯਮ ਆਪਣੇ ਅਧੀਨ ਰਾਜਾਂ ਦੀ ਸਮੁੱਚੀ ਆਰਥਿਕ, ਸੈਨਿਕ, ਨੈਤਿਕ ਅਤੇ ਸੁਹਜਮਈ ਹੋਂਦ ਨੂੰ ਹੀ ਆਪਣੀ ਸਰਵਸ੍ਰੇਸ਼ਠਤਾ ਦਾ ਆਧਾਰ ਨਹੀਂ ਬਣਾਉਂਦਾ ਸਗੋਂ ਆਪਣੇ ਧਾਰਮਿਕ ਅਤੇ ਆਦਰਸ਼ਮਈ ਮੁਲਾਂ ਨੂੰ ਵੀ ਇਸ ਕੜੀ ਤਹਿਤ ਵਿਆਖਿਆ ਅਧੀਨ ਲਿਆਉਂਦਾ ਹੈ। ਬਸਤੀਵਾਦੀ ਸੰਗਠਨ ਪਰਕਿਰਿਆ ਤਹਿਤ ਇਹ ਧਾਰਨਾ ਰਹੀ ਹੈ ਕਿ ਸਾਡੇ ਦੁਆਰਾ ਸਥਾਪਿਤ ਵਿਵਸਥਤਾ, ਦਸ਼ਾ ਅਤੇ ਦਿੱਤੀ ਗਈ ਦਿਸ਼ਾ ਬਿਨਾਂ ਉਪਰੋਕਤ ਰਾਜਾਂ ਦਾ ਚੱਲ ਸਕਣਾ ਸੰਭਵ ਨਹੀਂ ਕਿਉਂਕਿ ਵਿਗਿਆਨਕ ਸਿੱਖਿਆ ਅਤੇ ਇਤਿਹਾਸ ਕੇਵਲ ਪੱਛਮ ਵਲੋਂ ਹੀ ਆ ਸਕਦੇ ਹਨ। ਇਸ ਪ੍ਰਕਾਰ ਪੱਛਮੀ ਦੇਸ਼ਾਂ ਨੇ ਭਾਵੇਂ ਏਸ਼ੀਆ ਅਤੇ ਅਫ਼ਰੀਕਾ ਵਿਚਲੀਆਂ ਆਪਣੀਆਂ ਬਹੁਤ ਸਾਰੀਆਂ ਬਸਤੀਆਂ ਨੂੰ ਭੌਤਿਕ ਰੂਪ ਵਿਚ ਛੱਡ ਦਿੱਤਾ ਹੈ ਪਰ ਅਜੇ ਵੀ ਇਹ ਉਨ੍ਹਾਂ ਥਾਵਾਂ ਨੂੰ ਆਪਣੇ ਆਰਥਿਕ ਪ੍ਰਯੋਜਨ ਤਹਿਤ ਵਰਤ ਰਹੀਆਂ ਹਨ ਦਰਅਸਲ ਇਸ ਵਿਧੀ ਰਾਹੀਂ ਉਨ੍ਹਾਂ ਨੇ ਅਧੀਨ ਰਾਜਾਂ ਉੱਪਰ ਕਬਜਾ ਜਾਰੀ ਰੱਖਿਆ ਹੈ।

ਬਸਤੀਵਾਦੀ ਪਰਕਿਰਿਆ ਦੌਰਾਨ ਹਰ ਇਕ ਰਾਜ ਦੂਜੇ ਦੇ ਸਭਿਆਚਾਰ ਨੂੰ ਨੀਵਾਂ ਦਿਖਾਉਣ ਅਤੇ

ਬਸਤੀ ਦੇ ਅਸਲੀ ਬਛਿੰਦਿਆਂ ਨੂੰ ਸਭਿਅਤਾ ਹੀਣਿਆਂ ਵੱਲੋਂ ਪ੍ਰਭਾਸ਼ਿਤ ਕਰਦਾ ਰਹਿੰਦਾ ਹੈ ਇੰਝ ਉਹ ਆਪਣੇ ਸਭਿਆਚਾਰ ਦੀ ਪ੍ਰਤੀਕੂਲ ਰੂਪ ਵਿਚ ਮੂਲ ਪਰਿਭਾਸ਼ਾ ਵੀ ਸਿਰਜਦਾ ਹੈ। ਐਡਵਰਡ ਸੈਦ ਦਾ ਇਹ ਮੰਨਣਾ ਹੈ ਕਿ ਪੱਛਮੀ ਚਿੰਤਕ ਤੀਜੀ ਦੁਨੀਆਂ ਨੂੰ ਗੱਲਵਾ ਪਾਊ ਅੱਖ ਨਾਲ ਹੀ ਦੇਖਦੇ ਹਨ ਉਨ੍ਹਾਂ ਦਾ ਮੰਨਣਾ ਹੈ ਕਿ ਯੂਰਪ ਹੀ ਸੰਸਾਰ ਨੂੰ ਨਿਰਦੇਸ਼ ਕਰੇਗਾ ਕਿਉਂਕਿ ਸਾਮਰਾਜਵਾਦੀ ਨਕਸ਼ੇ ਨੇ ਉਨ੍ਹਾਂ ਨੂੰ ਉਪਰੋਕਤ ਪ੍ਰਸੰਗ ਵਾਲੀ ਸਭਿਆਚਾਰਕ ਦ੍ਰਿਸ਼ਟੀ ਪ੍ਰਦਾਨ ਕੀਤੀ ਹੈ। ਅੱਜ ਵੀ ਦੁਨੀਆਂ ਸੁੱਖ ਸਹੂਲਤਾਂ ਅਤੇ ਪ੍ਰਤੀਨਿੱਧਤਾਵਾਂ ਵਾਲੀ ਦੁਨੀਆਂ ਹੈ ਇਹ ਪ੍ਰਤੀਨਿੱਧਤਾਵਾਂ ਉਨ੍ਹਾਂ ਦੀ ਪੈਦਾਵਾਰ, ਵਟਾਂਦਰਾ, ਇਤਿਹਾਸ ਅਤੇ ਵਿਆਖਿਆ ਸਭਿਆਚਾਰ ਦੇ ਮੂਲ ਤੱਤ ਹਨ। ਭਾਈ ਵੀਰ ਸਿੰਘ ਦਾ ਕਾਵਿ-ਸ਼ਾਸਤਰ ਉਸ ਸਮੇਂ ਆਪਣੇ ਰੂਪ ਨੂੰ ਉਜਾਗਰ ਕਰਦਾ ਹੈ ਜਦੋਂ ਇਸ ਸਮੁੱਚੀ ਪਰਕਿਰਿਆ ਵਿਚ ਵਿਸ਼ਵ ਦੇ ਰਾਜ ਵਿਚਰ ਰਹੇ ਸਨ। ਬਸਤੀਵਾਦੀ ਚਿੰਤਨ ਵਿਧੀ ਦੇ ਨਾਲ ਨਾਲ ਹਿੰਦੂਆਂ ਵਿਚ ਬ੍ਰਹਮੋ ਸਮਾਜ, ਆਰੀਆ ਤੇ ਹੋਰ ਨਿਯਮਾਂ ਦੀਆਂ ਲਹਿਰਾਂ, ਮੁਸਲਮਾਨਾਂ ਵਿਚ ਅਲੀਗੜ੍ਹ ਲਹਿਰ ਅਤੇ ਸਿੱਖਾਂ ਵਿਚ ਸਿੰਘ ਸਭਾ ਲਹਿਰ ਵਿਕਸਿਤ ਹੋ ਰਹੀਆਂ ਹਨ। ਇਸ ਸਮੇਂ ਇਕਬਾਲ ਦੇ ਇਸਲਾਮੀ ਦਿਗਵਿਜੈ ਦੇ ਗਾਇਨ, ਅਰਵਿੰਦੂ ਦੇ ਗਿਆਨ ਅਤੇ ਯੋਗ ਮਾਰਗ ਸਮੁੱਚੇ ਗਿਆਨ ਪ੍ਰਬੰਧ ਦੀ ਮੁੱਖ ਧਾਰਾ ਵਿਚ ਵਿਕਸਿਤ ਹੋ ਰਹੇ ਸਨ। ਭਾਈ ਵੀਰ ਸਿੰਘ ਨੇ ਇਸ ਸਮੁੱਚੇ ਪਰਿਪੇਖ ਵਿਚ ਸਿੱਖ ਸੁਰਤ ਦਾ ਕਾਵਿ-ਸ਼ਾਸਤਰ ਪ੍ਰਸਤੁਤ ਕੀਤਾ ਇਹ ਵਿਆਖਿਆ ਸ਼ਾਸਤਰ ਸਾਹਿਤ, ਇਤਿਹਾਸ, ਸਾਖੀ ਪਰੰਪਰਾ ਅਤੇ ਰਹੱਸਮਈ ਅਨੁਭਵ ਰਾਹੀਂ ਉਜਾਗਰ ਹੁੰਦਾ ਹੈ। ਇਸ ਦੇ ਨਿਵੇਕਲੇ ਨਿਯਮ ਚਿੰਤਨ ਧਾਰਾ ਦੀ ਊਰਜਾ ਸ਼ਬਦ ਦੀ ਦਿੱਬਤਾ ਚੋਂ ਪ੍ਰਾਪਤ ਕਰਦੇ ਹਨ। ਇਸ ਦਿੱਬਤਾ ਰਾਹੀਂ ਹਰ ਇਕ ਚਿੰਤਨ ਵਰਤਾਰਾ ਸੰਤੁਲਿਤ ਪਰਿਪੇਖ ਵਿੱਚ ਆਪਣਾ ਰੂਪ ਧਾਰਣ ਕਰ ਰਿਹਾ ਸੀ ਇਸ ਸਿੱਖ ਚਿੰਤਨ ਰਾਹੀਂ ਸਾਹਿਤਕ ਸਰੋਤ ਵਿਧੀ ਅਤੇ ਅਨੁਭਵ ਦੇ ਸਾਂਝੇ ਤਾਲ ਨਾਲ ਇਕਸੁਰ ਹੋ ਰਹੇ ਸਨ। ਭਾਈ ਵੀਰ ਸਿੰਘ ਆਪਣੇ ਕਾਵਿ-ਸ਼ਾਸਤਰ ਰਾਹੀਂ ਸਪਤਸਿੰਧੂ ਦੇ ਨਕਸ਼ਾਂ ਨੂੰ ਸਮੁੱਚੇ ਵਰਤਾਰਿਆਂ ਵਿਚੋਂ ਰੂਪਮਾਨ ਕਰਦੇ ਹਨ। ਸਪਤਸਿੰਧੂ ਦੀ ਸੰਸਕ੍ਰਿਤੀ ਅਤੇ ਸਭਿਆਚਾਰ ਉੱਪਰ ਵਿਚਰਦੀ ਚੇਤਨਾ ਨੂੰ ਭਾਈ ਸਾਹਿਬ ਦਾ ਕਾਵਿ-ਸ਼ਾਸਤਰ ਵਿਵੇਕ ਅਤੇ ਵੈਰਾਗ ਦੇ ਸਾਂਝੇ ਸੂਤਰ ਰਾਹੀਂ ਆਤਮਸਾਤ ਕਰਦਾ ਹੈ।

ਗਿਆਨ ਅਤੇ ਅਨੁਭਵ ਦੇ ਅਧੂਰੇਪਨ ਰਾਹੀਂ ਚਿੰਤਨ ਅਤੇ ਸਿਰਜਣਾ ਆਪਣੇ ਸੰਪੂਰਨ ਫੈਲਾਵਾਂ ਨੂੰ ਉਜਾਗਰ ਨਹੀਂ ਕਰ ਸਕਦੀ ਇਹ ਅਧੂਰਾਪਨ ਵਿਚਾਰ ਦੇ ਵਿਭਿੰਨ ਪਲਟਿਆਂ ਰਾਹੀਂ ਨਵੇਕਲੇ ਅਧੂਰੇਪਨਾਂ ਨੂੰ ਸਥਾਪਿਤ ਕਰਦਾ ਰਹਿੰਦਾ ਹੈ। ਸਮਾਜ ਸਭਿਆਚਾਰਕ ਪ੍ਰਸੰਗ ਇਸ ਦੀ ਸੰਪੂਰਨਤਾ ਲਈ ਜਾਗ੍ਰਿਤ ਰੂਪ ਅੰਦਰ ਕਾਰਜਸ਼ੀਲ ਅਤੇ ਤੱਤਪਰ ਰਹਿੰਦੇ ਹਨ। ਚਿੰਤਨ ਅਤੇ ਸਿਰਜਣਾ ਰਾਹੀਂ ਇਸ ਖੜੋਤ ਨੂੰ ਤੋੜਨ ਦੇ ਯਤਨ ਨਵੇਂ ਮੁਹਾਵਰੇ ਨੂੰ ਰੂਪਮਾਨ ਕਰਦੇ ਹਨ। ਇਸ ਨਵੇਂ ਮੁਹਾਵਰੇ ਤਹਿਤ ਬਹੁਤੀ ਵਾਰ ਆਪਹੁਦਰੇ ਅਤੇ ਵਿਅਕਤੀਗਤ ਝੁਕਾਵਾਂ ਨੂੰ ਨਸਲੀ ਝੁਕਾਵਾਂ ਤਹਿਤ ਇਤਿਹਾਸ ਵਿਚ ਆਪਣੀ ਹੋਂਦ ਸਥਾਪਤੀ ਲਈ ਖੜ੍ਹਿਆ ਕੀਤਾ ਜਾਂਦਾ ਹੈ। ਜਿਹੜਾ ਕਿ ਹਰ ਕਿਸਮ ਦੇ ਟਕਰਾਵਾਂ ਨੂੰ ਆਪਣੀ ਸੁਹਜਮਈ ਪ੍ਰਕਿਰਿਆ ਦੀ ਚੜ੍ਹਤ ਲਈ ਵਰਤਦਾ ਹੈ। ਇਤਿਹਾਸ ਵਿਚ ਆਪਣੀ ਨਸਲੀ ਹਉਂ ਦੇ ਸਥਾਪਿਤ ਨਕਸ਼ਾ ਨੂੰ ਸੁਚੇਤ ਕਰਨ ਲਈ ਇਹ ਪ੍ਰਕਿਰਿਆ ਲਗਾਤਾਰ ਇਤਿਹਾਸ ਦਾ ਅੰਗ ਰਹਿੰਦੀ ਹੈ, ਜਿਹੜੀ ਕਿ ਗੁਰੂ ਸਾਹਿਬਾਨ ਅਤੇ ਸਮੁਚੇ ਪਵਿੱਤਰ ਆਦਰਸ਼ਾਂ ਨੂੰ ਵਲੂੰਧਰ ਕੇ ਆਪਣੀ ਧਿਰ ਨੂੰ ਸੱਚੀ ਹੋਂਦ ਦਾ ਦਾਅਵਾ ਕਰਦੀ ਹੈ।ਇਤਿਹਾਸ ਦੀ ਇਸ ਗਿਆਨਮਈ ਅਤੇ ਅਨੁਭਵਮਈ ਤੋਰ ਵਿਚ ਸਥਾਪਿਤ ਭਾਈ ਵੀਰ ਸਿੰਘ ਦਾ ਚਿੰਤਨ ਦਿੱਬਤਾ ਦਾ ਅਜਿਹਾ ਆਭਾ-ਮੰਡਲ ਸਿਰਜ ਚੁੱਕਾ ਹੈ, ਜਿਸ ਵਿਚ ਇਤਿਹਾਸ ਦੇ ਅਜਿਹੇ ਅਧੂਰੇ ਅਤੇ ਆਪਹੁਦਰੇ ਚਿੰਤਨ ਅਤੇ ਸਿਰਜਣਾ ਦੇ ਸ੍ਰੋਤ ਪੰਜਾਬੀ ਚੇਤਨਾ ਤੇ ਸਿਖ ਆਦਰਸ਼ਾਂ ਲਈ ਪ੍ਰੇਰਨਾ ਸਰੋਤ ਨਹੀ ਬਣ ਸਕਦੇ ਅਤੇ ਨਾ ਹੀ ਪੰਜਾਬੀ ਚਿੰਤਨ ਅਤੇ ਸਿਰਜਣਾ ਦੇ ਰਾਹਾਂ ਵਿਚ ਆਪਣੀ ਆਖਰੀ ਮੰਜ਼ਿਲ ਹੋਣ ਦਾ ਦਾਵਾ ਸਥਾਪਿਤ ਰੱਖ ਸਕਦੇ ਹਨ।

ਭਾਈ ਵੀਰ ਸਿੰਘ ਨੇ ਆਪਣੇ ਕਾਵਿ-ਸ਼ਾਸਤਰ ਰਾਹੀ ਗਿਆਨ ਅਤੇ ਅਨੁਭਵ ਦੀ ਉਚਾਈ ਇਸ ਪੱਧਰ ਉੱਪਰ ਪੈਦਾ ਕੀਤੀ ਹੋਈ ਹੈ ਕਿ ਭਾਈ ਵੀਰ ਸਿੰਘ ਦਾ ਸਿਖ ਕਾਵਿ-ਸ਼ਾਸਤਰ ਦਾਰਸ਼ਨਿਕ ਤੱਤਾਂ ਦੇ ਸਮੁਚੇ ਪ੍ਰਕਰਣਾਂ ਨੂੰ ਸੁਰਤਿ ਦੇ ਅਨੁਭਵੀ ਪਰਿਪੇਖ ਵਿਚ ਨਿਹਾਰਦਾ ਹੈ। ਉਹਨਾਂ ਦਾ ਕਾਵਿ-ਸ਼ਾਸਤਰ ਤਰਕ ਦੀਆਂ ਘੜੋਮਈ ਸੀਮਾਵਾਂ ਤੋਂ ਪਾਰ ਵਿਚਰਦਾ ਹੈ। ਭਾਰਤੀ ਦਰਸ਼ਨ ਪਰੰਪਰਾ ਦੀਆਂ ਚਿੰਤਨ ਪੱਧਤੀਆਂ ਉਹਨਾਂ ਦੇ ਚਿੰਤਨ ਰਾਹੀ ਪੁਨਰ-ਸਮੀਖਿਆ ਵਿਚ ਜਾਗਰੂਕ ਹੁੰਦੀਆਂ ਹਨ। ਇਹਨਾਂ ਚਿੰਤਨ ਪੱਧਤੀਆਂ ਤੇ ਤੱਥਾਂ ਦੇ ਪ੍ਰਕਰਣ ਵਿਚ ਭਾਈ ਵੀਰ ਸਿੰਘ ਦਾ ਕਾਵਿ-ਸ਼ਾਸਤਰ ਸਿਰਜਣਾ ਦੇ ਰੂਪ ਵਿਚ ਉਜਾਗਰ ਹੁੰਦਾ ਹੈ। ਉਸਦੇ ਸਿਰਜਣ ਵਿਚ ਬ੍ਰਹਮ, ਜਗਤ, ਜੀਵ, ਆਤਮਾ, ਮਾਇਆ, ਮੁਕਤੀ ਆਦਿ ਦਾਰਸ਼ਨਿਕ ਸੰਕਲਪਾਂ ਦੀ

ਸਿਰਜਾਣਤਮਕ ਅਨੁਭੂਤੀ ਹੋਈ ਹੈ। ਉਹਨਾਂ ਦੇ ਦਾਰਸ਼ਨਿਕ ਸੰਕਲਪ ਸਿਰਜਣਾਤਮਕ ਅਨੁਭਵ ਦੀ ਉਚਾਈ ਵਿਚ ਜਿਹਨਾਂ ਮੰਡਲਾਂ ਦੀ ਪਰਿਕਰਮਾ ਕਰਦੇ ਹਨ, ਉਹਨਾਂ ਵਿਚ ਵਿਕਾਸ ਦਾ ਆਕ੍ਰਮਿਕ ਖੇੜੇ ਵਿਚੋਂ ਮੌਲਦੀ ਪਰਿਕਲਪਨਾ ਬ੍ਰਹਿਮੰਡੀ ਪਰਿਚੇਤਨਾ ਵਿਚ ਸਮਾ ਜਾਂਦੀ ਹੈ। ਭਾਈ ਸਾਹਿਬ ਦੀ ਅਨੁਭਵ ਅਤੀਤਤਾ ਚੇਤਨਾ ਦੀ ਅਰਦਾਸ ਜੋੜਦੀ ਵਿਚ ਹਰ ਇਕ ਸੰਕਲਪਿਕ ਵਰਤਾਰੇ ਨੂੰ ਸਿਰਜਣਾਤਮਕ ਪਰਿਪੇਖ ਵਿਚ ਵਰਣਨ ਕਰ ਜਾਂਦੀ ਹੈ। ਅਜਿਹਾ ਰਹੱਸਮਈ ਝਲਕਾਰਾ 'ਰਾਣਾ ਸੂਰਤ ਸਿੰਘ' ਦੇ ਅਨੇਕਾਂ ਕਾਵਿ-ਬੰਧਾਂ ਰਾਹੀਂ ਪਛਾਣਿਆ ਜਾ ਸਕਦਾ ਹੈ।

ਭਾਈ ਸਾਹਿਬ ਦਾ ਕਾਵਿ-ਸ਼ਾਸਤਰ ਸਹਿਜ ਦੇ ਮਿਲਾਪ ਵਿਚ ਮੁਕਤੀ ਅਤੇ ਸਮਰਪਣ ਦੇ ਚਾਅ ਨੂੰ ਵਿਹਾਰਕਤਾ ਦਿੰਦਾ ਹੈ।ਕਾਵਿ-ਸ਼ਾਸਤਰ ਦੀ ਇਸ ਦਿਸ਼ਾ ਵਿਚ ਚੇਤਨਾ ਅਰਾਧਨਾ ਦੇ ਛਿਣਾਂ ਵਿਚ ਵਿਚਰਦੀ ਕਾਲ ਤੋਂ ਪਾਰ ਜਨਮ ਤੇ ਮਰਨ ਦੇ ਅੰਤ ਬਿੰਦੂ ਉੱਪਰ ਮਿਲਾਪ ਸਮੇਂ ਆਤਮ-ਅਭੇਦ ਹੋ ਜਾਂਦੀ ਹੈ, ਅਤੇ ਚਿੰਤਨ ਨਾਮ ਦੀ ਲਿਵ ਵਿਚ ਗੁਣਾਂ ਦੀ ਅਸੀਮਤਾ ਅੰਦਰ ਰਸਿਕ ਪ੍ਰੇਮ ਬਣ ਜਾਂਦਾ ਹੈ। ਕਾਵਿ-ਸ਼ਾਸਤਰ ਦੇ ਸਮੁੱਚੇ ਰੂਪ ਪ੍ਰੇਮ ਵਿਚ ਰੂਪਾਂਤ੍ਰਿਤ ਹੋ, ਸਾਧਨਾਂ ਰਾਹੀਂ ਚੇਤਨਾ ਦੇ ਸਮੁਚੇ ਮੰਡਲਾਂ ਉੱਪਰ ਰਾਜ ਕਰਨ ਦੇ ਸਮਰੱਥ ਹੋ ਜਾਂਦੇ ਹਨ।

ਭਾਈ ਵੀਰ ਸਿੰਘ ਨੇ ਆਪਣੇ ਕਾਵਿ-ਸ਼ਾਸਤਰ ਰਾਹੀਂ ਸਪਤ-ਸਿੰਧੂ ਦੇ ਅਨੁਭਵ ਨੂੰ ਸਮੁਚੇ ਰਾਜਨੀਤਕ, ਸਮਾਜਕ, ਸਭਿਆਚਾਰਕ ਅਤੇ ਸਾਹਿਤਕ ਪ੍ਰਸੰਗ ਦੇ ਸਨਮੁਖ ਪ੍ਰਗਟ ਕੀਤਾ ਹੈ। ਇਸ ਅਨੁਭਵ ਵਿਚ ਪੰਜਾਬ ਦੀ ਧਰਤੀ ਦੀ ਕੁਲ ਮਰਿਆਦਾ ਆਪਣੇ ਦੈਵੀ ਜਲੌਅ ਰਾਹੀਂ ਭਾਈ ਸਾਹਿਬ ਦੇ ਕਾਵਿ-ਸ਼ਾਸਤਰ ਦਾ ਹਿੱਸਾ ਬਣੀ। ਇਸ ਅਨੁਭਵ ਦੀ ਉਚਾਈ ਵਿਚ ਭਾਈ ਸਾਹਿਬ ਨੇ ਚਮਤਕਾਰਾਂ ਦੀ ਦੀ ਸਿਰਜਣਾ ਕੀਤੀ।

ਭਾਈ ਵੀਰ ਸਿੰਘ ਜੀ ਦੇ ਕਾਵਿ-ਸ਼ਾਸਤਰ ਨੇ ਦਿੱਬਤਾਮਈ ਸੁਹਜ ਸਿਰਜਣਾ ਤੇ ਪਰਮ ਸੂਖ਼ਮ ਗਿਆਨ ਸ਼ਾਸਤਰ, ਗਿਆਨ ਧਾਰਾਵਾਂ ਵਿਚ ਸਿੱਖ ਚਿੰਤਨ ਦੀ ਮੌਲਿਕ ਕਾਵਿ ਸ਼ਾਸਤਰੀ ਚਿੰਤਨ ਪ੍ਰਣਾਲੀ ਦਾ ਸਰੂਪ ਬਣਾਉਣਾ ਸ਼ੁਰੂ ਕੀਤਾ। ਭਾਈ ਵੀਰ ਸਿੰਘ ਨੇ ਗਿਆਨ ਪ੍ਰਬੰਧ ਦੀ ਪ੍ਰਕਿਰਤੀ ਨੂੰ ਪਛਾਣਦੇ ਹੋਏ ਸਹਿਜਮਈ ਪ੍ਰਕਾਸ਼ ਦਾ ਪੂਰਣ ਖੇੜਾ ਚਿੰਤਨ ਦੇ ਸੰਸਾਰ ਅੰਦਰ ਉਤਾਰਨਾ ਸ਼ੁਰੂ ਕੀਤਾ। ਭਾਈ ਸਾਹਿਬ ਦਾ ਇਹ ਸਹਿਜਮਈ ਪ੍ਰਕਾਸ਼ ਇਤਿਹਾਸ ਦੀ ਤੋਰ ਵਿਚ ਜਾਗੇ ਬੋਧਿਕ ਗਿਆਨ ਅਤੇ ਵਿਗਿਆਨਕ ਤਰਕ ਅਧਾਰਿਤ ਵਿਆਖਿਆ ਦੇ ਪ੍ਰਸੰਗਾਂ ਨੂੰ ਮੁੜ ਸ਼ਬਦ ਦੀ ਨੇੜਤਾ ਵਿਚ ਲਿਆਉਂਦਾ ਹੈ। ਇਸ ਨੇੜਤਾ ਰਾਹੀਂ ਸ਼ਬਦ ਦੀ ਵਿਆਖਿਆ ਕੇਵਲ ਬੋਧਿਕ ਅਭਿਆਸ ਹੀ ਨਹੀਂ ਬਣਦੀ ਸਗੋਂ ਗੁਰੂ ਚਰਨਾਂ ਵਿਚ ਜੋੜੀ ਸੁਰਤਿ ਦੀ ਲਿਵ ਵਿਚੋਂ ਵਿਆਖਿਆ ਸ਼ਾਸਤਰ ਦੇ ਵਿਸਮਾਦੀ ਰਹੱਸਾਂ ਨੂੰ ਪ੍ਰਗਟ ਕਰਦੀ ਹੈ। 'ਸੰਸਥਾ ਸ਼੍ਰੀ ਗੁਰੂ ਗ੍ਰੰਥ ਸਾਹਿਬ' ਭਾਈ ਵੀਰ ਸਿੰਘ ਜੀ ਦੇ ਅਧਿਆਤਮਕ ਅਨੁਭਵ ਅਤੇ ਸੇਵਾ ਸਿਮਰਨ ਵਿਚੋਂ ਜਾਗਿਆ ਅਜਿਹਾ ਵਿਆਖਿਆ ਆਧਾਰ ਹੈ ਜਿਸ ਰਾਹੀਂ ਸਮੁਚੀ ਮਨੁੱਖੀ ਚੇਤਨਾ ਸ਼ਬਦ ਦੀ ਨੇੜਤਾ ਵਿਚ ਸਹਿਜ ਟਿਕਾਉ ਦੇ ਅਰਥ ਗ੍ਰਹਿਣ ਕਰ ਸਕਦੀ ਹੈ ਅਤੇ ਭਵਿੱਖ ਵਿਚ ਇਸ ਤੋਂ ਪ੍ਰੇਰਣਾ ਹਾਸਿਲ ਕਰ, ਸਿਖ ਕਾਵਿ-ਸ਼ਾਸਤਰ ਦੀ ਵਿਆਖਿਆ ਦੇ ਨਵੇਂ ਪਾਸਾਰਾਂ ਨੂੰ ਉਜਾਗਰ ਕਰ ਸਕਦੀ ਹੈ।

ਵੀਹਵੀਂ ਸਦੀ ਵਿਚ ਭਾਈ ਵੀਰ ਸਿੰਘ ਦਾ ਕਾਵਿ-ਸ਼ਾਸਤਰ ਇਤਿਹਾਸ ਦੇ ਇਕਹਰੇ ਪਾਸਾਰਾਂ ਦੇ ਸਨਮੁਖ ਇਤਿਹਾਸਕ ਸਮੇਂ, ਸਥਾਨ, ਸਥਿਤੀ, ਦਵੰਦ ਅਤੇ ਕਾਰਣ-ਕਾਰਜਤਾ ਆਦਿ ਨੂੰ ਵਿਸਮਾਦੀ ਰਮਜ਼ 'ਚ ਦੇਖਦਾ ਹੈ। ਇਹ ਕਾਵਿ-ਸ਼ਾਸਤਰ ਸਥਿਤੀ ਦੇ ਪਦਾਰਥਕ ਅਤੇ ਦੈਵੀ ਆਨੰਦ ਨੂੰ ਅਭੇਦਤਾ ਨੂੰ ਦਿਖਾਉਂਦਾ ਹੈ। ਇਸ ਲਈ ਇਸ ਕਾਵਿ-ਸ਼ਾਸਤਰ ਰਾਹੀ ਵਚਿੱਤਰਤਾ ਦਾ ਸੰਗੀਤ ਪੈਦਾ ਹੁੰਦਾ ਹੈ। ਭਾਈ ਵੀਰ ਸਿੰਘ ਦੇ ਅਨੁਭਵ ਦੀ ਇਕਸੁਕਤਾ ਜੋ ਪਵਿੱਤਰ ਰੂਪ ਵਿਚ ਸਾਰੇ ਜੀਵਨ ਵਿਚੋ ਝਲਕੇ, ਮਨੁਖੀ ਰਿਸ਼ਤੇ ਇਸ ਉਤੇ ਅਧਾਰਿਤ ਹੋਣ, ਅਜਿਹੇ ਕਾਵਿ-ਸ਼ਾਸਤਰ ਦੀ ਤਲਾਸ਼ ਕਰਨੀ ਅਜੇ ਬਾਕੀ ਹੈ।

## ਹਵਾਲੇ ਅਤੇ ਟਿੱਪਣੀਆਂ

1. Harbans Singh (Bhai Vir Singh Sahitya Sadan, 1984 ed.). New Delhi: Sahitya Akademi , New Delhi. pp. 27-28. An intelligence report (quote from "Secret Memorendumon on recent Development in Sikh Politics,1911) Bhai Vir Singh is the son of Charan Singh ….He was first employed in the office of the Tract Society and afterwards became a partner in in the Wazir-I-Hind Press which he is said to now own.He is editor and Manager of the Khalsa Samachar, a Gurmukhi journal

which is published at Amritsar….Vir Singh has much influence over Sardar Sunder Singh and is very intimate with Trilochan Singh.He is reported to be making overtures to the Head Granthi of Golden Temple with a view to bringing that institute under the control of neo-Sikh party. He also associates with Harnam Singh , Jodh Singh M.A,and other persons of similar character…..He is a member of the council of Khalsa College…Though Vir Singh was originally a man of no position he seems to have acquired himself the position of the Guru and obeisance has been done to him even by Sardar Sunder Singh.He may be regarded as a zealous neo-Sikh and thoroughly anti British.

2. Malhotra, Anshu; Murphy, Anne (2020-04-02). "Bhai Vir Singh (1872-1957): Rethinking literary modernity in Colonial Punjab" Sikh Formations. 16 (1-2): 1 13.

3. ਡਾਕਟਰ ਬਲਬੀਰ ਸਿੰਘ, ਕਲਮ ਦੀ ਕਰਾਮਾਤ,ਪੰਨਾ 35 ਭਾਈ ਸਾਹਿਬ ਦੇ ਕਾਵਯ ਵਿਚ ਜੋ ਨਾਮ ਦਾ ਆਦਰਸ਼ ਹੈ ਉਹ 'ਖੁਸ਼ੀਆਂ ਨਿਤ ਨਵੀਆਂ' ਵਾਲਾ ਚਾਉ ਹੈ। ਉਹ ਹਰ ਖਿਨ ਆਪਣੇ ਆਪ ਵਿਚੋਂ ਨਵੀਨ ਰੰਗ ਪੈਦਾ ਕਰਦਾ ਹੈ, ਉਸ ਦਾ ਸਵਾਦ ਨਿਤ ਨਵਾਂ ਹੈ, ਉਸ ਦੀ ਚੋਟ ਡੂੰਘੇ ਥਾਂ ਵਜਦੀ ਹੈ, ਉਹ ਸੰਗੀਤ ਵਾਕਣ ਲਹਿਰਦਾ ਹੈ, ਉਹ ਇਲਾਹੀ ਰਾਗ ਵਾਹੁਣ ਵਜਦਾ ਹੈ ਤੇ ਹਰ ਘੜੀ ਇਕ ਨਵਾਂ ਸਰੂਰ, ਇਕ ਨਵੀਂ ਥੱਰਾਟ, ਇਕ ਨਵਾਂ ਰਸ, ਇਕ ਨਵੀਂ ਕਸਕ ਦੱਸਦਾ ਹੋਇਆ ਛੁਹ ਵਾਲੀ ਘੜੀ ਦੀ ਉਡੀਕ ਦੀ ਤਿਆਰੀ ਦਾ ਬਲ ਬਖਸ਼ਦਾ ਹੈ, ਜਿਹੜੀ ਛੁਹ ਕਿ ਖੇੜੇ ਦੀ ਪੂਰਨਤਾ ਦਾ ਜ਼ਰੀਆ ਹੈ:ਯਾਦ ਸਜਣ ਦੀ ਹਰਦਮ ਰਹਿੰਦੀ, ਲਹਿ ਗਈ ਡੂੰਘੇ ਥਾਂਈ ਵਾਂਗ ਸੰਗੀਤ ਲਹਿਰਦੀ ਅੰਦਰ, ਬਣ ਗਈ ਰਾਗ ਇਲਾਹੀ। ਦਾਰੂ ਵਾਂਗ ਸਰੂਰ ਚਾੜ੍ਹਦੀ, ਤਰਬ ਵਾਂਗ ਥਰਰਾਵੇ, ਖਿੱਚੇ ਤੇ ਰਸ ਭਿੰਨੀ ਕਰਕੇ, ਲੱਗੇ ਫਿਰ ਸੁਖਦਾਈ। ਜੋ ਚੀਜ਼ ਲੁਕੀ ਹੋਈ ਹੈ, ਜੋ ਚੀਜ਼ ਛਿਪੀ ਹੋਈ ਹੈ, ਜੋ ਚੀਜ਼ ਰਾਜ ਦਾਨੀ ਦੀ ਹੈ, ਜੋ ਚੀਜ਼ ਗੁਹਜ ਭਾਵ ਦੀ ਹੈ, ਉਹ ਸਾਰੀ ਦੀ ਸਾਰੀ ਭਾਈ ਸਾਹਿਬ ਦੇ ਕਾਵਯ ਵਿਚ ਇਕ ਚਲੰਤ ਹਾਲਤ ਵਿਚ ਹੈ। ਉਹ ਚਲਦੀ ਚਲਦੀ ਆਪਣੀ ਮੁਸ਼ਕ ਖਿਲਾਰਦੀ ਜਾਂਦੀ ਹੈ। ਉਹ ਆਪਣਾ ਸਾਰਾ ਭੇਦ ਖੋਲ੍ਹਦੀ ਜਾਂਦੀ ਹੈ। ਉਹ ਥੋੜੀ ਦੂਰ ਜਾ ਕੇ ਗੁੱਝੀ ਨਹੀਂ ਰਹਿੰਦੀ। ਫਕੀਰੀ ਦੇ ਗੁੱਝੇ ਭੇਦ ਦੀਆਂ ਬੰਦ ਕਲੀਆਂ ਅਗਾਂਹ ਵਧ ਕੇ ਕਵਿਤਾ ਦੇ ਪਹੁ ਫੁਟਾਲੇ ਵਿਚ ਖਿੜ ਪੈਂਦੀਆਂ ਹਨ। ਕਵਿਤਾ ਦੀ ਸਾਰੀ ਦੌਲਤ, ਜੋ ਰਮਜ਼ਾਂ ਦੇ ਡੱਬਿਆਂ ਵਿਚ ਬੰਦ ਸੀ, ਉਹ ਆਪਣੇ ਪੂਰੇ ਜਲੌ ਵਿਚ, ਉਹ ਸਾਹਿਤਯ ਦੀ ਪੂਰੀ ਸਜਾਵਟ ਵਿਚ, ਉਹ ਵਾਕ-ਪ੍ਰਬੰਧ ਦੇ ਪੂਰੇ ਜੋਰ ਵਿਚ, ਉਹ ਅਲੰਕਾਰਾਂ ਦੀ ਪੂਰੀ ਸ਼ੋਖੀ ਵਿਚ, ਉਹ ਕਟਾਖਸ਼ ਦੇ ਪੂਰੇ ਖਿੱਚੇ ਹੋਏ ਗਜ਼ ਦੀ ਤਾਣ ਵਿਚ ਬਾਹਰ ਉਮਡ ਪੈਂਦੀ ਹੈ। ਭਾਈ ਸਾਹਿਬ ਦਾ ਸਾਹਿਤਯ ਫਕੀਰੀ ਦੇ ਸਾਰੇ ਰੰਗਾਂ ਵਿਚੋਂ ਰੰਗੀਜਦਾ ਹੋਇਆ, ਵੈਰਾਗ ਦੀਆਂ ਘਾਟੀਆਂ ਚੜ੍ਹਦਾ ਹੋਇਆ, ਪ੍ਰੇਮ ਦੀਆਂ ਨੈਆਂ ਤਰਦਾ ਹੋਇਆ, ਦਿਲਾਂ ਦੀ ਰਮਜ਼ ਸਮਝਦਾ ਹੋਇਆ, ਅੱਖਾਂ ਦੀ ਸੈਨਤ ਬੁੱਝਦਾ ਹੋਇਆ, ਹਠੀਆਂ ਦੇ ਮਰਮ ਨੂੰ ਜਾਣਦਾ ਹੋਇਆ, ਕੁਦਰਤ ਦੇ ਕ੍ਰਿਸ਼ਮਿਆਂ ਨੂੰ ਲਿਖਦਾ ਹੋਇਆ ਕਵਿਤਾ ਦਾ ਅਸਲੀ ਰੂਪ ਪਕੜ ਲੈਂਦਾ ਹੈ।

4. Prof. Puran singh, Nargas: Songs of a Sikh (Translations of Bhai Vir Singh's poems) (1924)Bhai Vir Singh is an epoch in himself. With him begins the most modern Punjabi language. He gives it a new style, a new rhythm and a new flow. We thank God for what he has already given us. He sits under the tree of life in maiden freshness, like his Guru. His song is vital and he imparts most of his joy to his poems. He is the representative poet of those old Sikh poets who revolved round the Beloved's throne in wonder and worship. He is a true Eastern genius, still loyal to Asiatic ideals of art, philosophy and religion. He is a democratic aristocrat, as every joyful man must needs be.

◈